# ਨਮੂਨਾ ਪ੍ਰਸ਼ਨ-ਪੱਤਰ—2025 (ਹੱਲ ਸਹਿਤ)

## (C.B.S.E. ਦੁਆਰਾ ਜਾਰੀ)

**ਪੰਜਾਬੀ—104**

**ਜਮਾਤ—ਬਾਰ੍ਹਵੀਂ**

**(ਮਾਰਚ—ਅਪ੍ਰੈਲ 2024-25)**

**ਸਮਾਂ : 3 ਘੰਟੇ]** **[ਕੁੱਲ ਅੰਕ : 80**

*ਆਮ ਨਿਰਦੇਸ਼*

**ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

- ਸਾਰੇ ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ਼ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
- ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ ।
- ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

**ਭਾਗ-1 : ਪੜ੍ਹਨ ਕੌਸ਼ਲ (Part–I : Reading Skill)** **8 + 8 + 7 = 23**

**ਪ੍ਰਸ਼ਨ 1. ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ :** **8 × 1 = 8**

ਲੋਕ-ਕਲਾ ਦਾ ਜਨਮ ਮਨੁੱਖ ਦੁਆਰਾ ਕੀਤੇ ਜਾਣ ਵਾਲ਼ੇ ਕੰਮਾਂ ਦੇ ਸੁਹਜ, ਸਾਦਗੀ ਅਤੇ ਕਲਾਤਮਿਕ ਗੁਣਾਂ ਵਿੱਚੋਂ ਹੋਇਆ। ਲੋਕ-ਕਲਾ ਆਦਿ-ਮਾਨਵ ਤੋਂ ਹੀ ਮਨੁੱਖ ਦੀ ਤ੍ਰਿਪਤੀ ਦਾ ਸਾਧਨ ਰਹੀ ਹੈ। ਇਸ ਤਰ੍ਹਾਂ ਲੋਕ-ਕਲਾ ਪ੍ਰਾਚੀਨ ਪਰੰਪਰਾ ਹੈ। ਉਦਾਹਰਨ ਲਈ ਪ੍ਰਾਚੀਨ ਸਿੰਧ ਘਾਟੀ ਦੀ ਖੁਦਾਈ ਵਿੱਚੋਂ ਮਿਲ਼ੀਆਂ ਮੂਰਤੀਆਂ, ਗਹਿਣੇ, ਠੀਕਰੀਆਂ, ਮੋਹਰਾਂ ਤੇ ਉੱਕਰੇ ਚਿੱਤਰ, ਮਿੱਟੀ ਦੇ ਭਾਂਡਿਆਂ ਉੱਤੇ ਅੰਕਿਤ ਚਿੱਤਰਕਾਰੀ ਦੇ ਨਮੂਨੇ ਅਤੇ ਨਾਚੀ ਦੀ ਮੁਦਰਾ ਵਿੱਚ ਮਿਲੀ ਮੂਰਤੀ ਜਿੱਥੇ ਪੰਜਾਬ ਦੀ ਪ੍ਰਾਚੀਨ ਲੋਕ-ਕਲਾ ਨੂੰ ਪ੍ਰਗਟ ਕਰਦੇ ਹਨ, ਉੱਥੇ ਪੰਜਾਬ ਦੀ ਲੋਕ-ਕਲਾ ਨੂੰ ਕਲਾਤਮਿਕ ਵਿਰਸੇ ਨਾਲ਼ ਵੀ ਜੋੜਦੇ ਹਨ। ਅਜਿਹੀ ਕਲਾ ਜੋ ਕਿਸੇ ਸਮਾਨ ਪਰੰਪਰਾ ਵਾਲ਼ੇ ਸੱਭਿਆਚਾਰ ਦੇ ਮਨੁੱਖੀ ਸਮੂਹ ਦੀਆਂ ਮਾਨਸਿਕ ਭਾਵਨਾਵਾਂ ਨੂੰ ਪ੍ਰਗਟਾਉਂਦੀ ਹੋਵੇ ਅਤੇ ਵਿਰਸੇ ਵਿੱਚੋਂ ਪ੍ਰਾਪਤ ਹੁੰਦੀ ਹੋਵੇ, ਲੋਕ ਕਲਾ ਹੈ। ਸਰਲਤਾ ਅਤੇ ਸਾਦਗੀ ਲੋਕ-ਕਲਾ ਦੇ ਵਿਸ਼ੇਸ਼ ਗੁਣ ਹਨ। ਪੰਜਾਬ ਦੀ ਲੋਕ-ਕਲਾ ਭਾਵੇਂ ਨਿਰੰਤਰ ਪ੍ਰਵਰਤਨਸ਼ੀਲ ਰਹੀ ਹੈ ਪਰ ਇਹ ਸਦਾ ਸੰਵੇਦਨਸ਼ੀਲ, ਸਾਦੀ ਅਤੇ ਮਾਨਵੀ ਮੁੱਲਾਂ ਵਾਲ਼ੀ ਰਹੀ ਹੈ। ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਕੁਝ ਅੰਤਰ ਵੀ ਹਨ । ਜਿਵੇਂ-ਜਿਵੇਂ ਲੋਕ-ਕਲਾ ਵਿੱਚ ਨਿਖਾਰ ਆਉਂਦਾ ਗਿਆ ਤਿਵੇਂ-ਤਿਵੇਂ ਕਲਾ ਦੇ ਨਿਯਮ ਬਣਦੇ ਗਏ। ਜਿਸ ਕਲਾ ਦਾ ਲਿਖਤੀ ਸ਼ਾਸਤਰ ਬਣ ਗਿਆ ਉਹ ਲੋਕ-ਕਲਾ ਸ਼ਾਸਤਰੀ ਕਲਾ ਦੇ ਘੇਰੇ ਵਿੱਚ ਚਲੀ ਗਈ। ਇਹ ਕਲਾ ਭਾਵੇਂ ਨਾਚ ਹੋਣ ਜਾਂ ਚਿੱਤਰਕਾਰੀ ਹੋਵੇ। ਇੱਥੇ ਇਹ ਗੱਲ ਸਪੱਸ਼ਟ ਕਰ ਦੇਣੀ ਬਣਦੀ ਹੈ ਕਿ ਸ਼ਾਸਤਰੀ ਕਲਾ ਜਿੱਥੇ ਬੱਝਵੇਂ ਨਿਯਮਾਂ ਵਾਲ਼ੀ ਹੁੰਦੀ ਹੈ, ਉੱਥੇ ਲੋਕ-ਕਲਾ ਦੇ ਨਿਯਮ ਲਚਕੀਲੇ ਹੁੰਦੇ ਹਨ। ਫਿਰ ਵੀ ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਸੁਹਜ ਦੀ ਤਾਂਘ ਅਤੇ ਮਨੋਰੰਜਨ ਜਿਹੇ ਗੁਣ ਸਾਂਝੇ ਹਨ।

**(*i*) ਲੋਕ-ਕਲਾ ਦਾ ਜਨਮ ਮਨੁੱਖ ਦੇ ਕਿਹੜੇ ਗੁਣਾਂ ਵਿੱਚੋਂ ਹੋਇਆ ?**

(A) ਸਾਦਗੀ (B) ਸੁਹਜ

(C) ਕਲਾਤਮਿਕਤਾ (D) ਉਪਰੋਕਤ ਸਾਰੇ।

**ਉੱਤਰ**—(D) ਉਪਰੋਕਤ ਸਾਰੇ।

**(*ii*) ਮੂਰਤੀ, ਠੀਕਰੀਆਂ, ਮੋਹਰਾਂ ਆਦਿ ਕਿੱਥੋਂ ਪ੍ਰਾਪਤ ਹੋਈਆਂ ?**

(A) ਸਿੰਧ ਘਾਟੀ ਦੀ ਖੁਦਾਈ 'ਚੋਂ

(B) ਸਮੁੰਦਰ 'ਚੋਂ

(C) ਵਿਰਾਸਤ ਤੋਂ

(D) ਇਹਨਾਂ ਵਿੱਚੋਂ ਕੋਈ ਨਹੀਂ।

**ਉੱਤਰ**—(A) ਸਿੰਧ ਘਾਟੀ ਦੀ ਖੁਦਾਈ 'ਚੋਂ।

**(*iii*) ਭਾਂਡਿਆਂ ਉੱਤੇ ਅੰਕਿਤ ਚਿੱਤਰਕਾਰੀ ਦੇ ਨਮੂਨੇ ਕੀ ਪ੍ਰਗਟ ਕਰਦੇ ਹਨ ?**

(A) ਨਾਚੀ ਦੀ ਮੁਦਰਾ (B) ਲੋਕ-ਕਲਾ

(C) ਸੱਭਿਆਚਾਰ (D) ਵਿਸ਼ੇਸ਼ ਗੁਣ।

**ਉੱਤਰ**—(B) ਲੋਕ-ਕਲਾ।

**(*iv*) ਕਿਹੜੀ ਕਲਾ ਬੱਝਵੇਂ ਨਿਯਮਾਂ ਵਾਲ਼ੀ ਹੁੰਦੀ ਹੈ ?**

(A) ਯੁੱਧ-ਕਲਾ (B) ਚਿੱਤਰ ਕਲਾ

(C) ਪ੍ਰਾਚੀਨ ਕਲਾ (D) ਸ਼ਾਸਤਰੀ ਕਲਾ।

**ਉੱਤਰ**—(D) ਸ਼ਾਸਤਰੀ ਕਲਾ।

**(*v*) ਲੋਕ-ਕਲਾ ਪ੍ਰਵਰਤਨਸ਼ੀਲ ਹੋਣ ਦੇ ਬਾਵਜੂਦ ਕਿਹੜੇ ਮੁੱਲਾਂ ਦੀ ਧਾਰਨੀ ਹੈ ?**

(A) ਸੰਵੇਦਨਸ਼ੀਲ (B) ਸ਼ਿਕਾਰ ਖੇਡਣਾ

(C) ਮਾਨਵੀ (D) ਸਫ਼ਲਤਾ।

**ਉੱਤਰ**—(A) ਸੰਵੇਦਨਸ਼ੀਲ।

**(*vi*) ਕਿਹੜੀ ਲੋਕ-ਕਲਾ ਸ਼ਾਸਤਰੀ ਕਲਾ ਦੇ ਘੇਰੇ ਵਿੱਚ ਚਲੀ ਗਈ ?**

(A) ਜਿਸ ਦਾ ਨਿਖਾਰ ਆਇਆ ਹੋਵੇ

(B) ਜਿਸ ਦਾ ਲਿਖਤੀ ਸ਼ਾਸਤਰ ਬਣ ਗਿਆ ਹੋਵੇ

(C) ਜਿਸ ਵਿੱਚ ਅਨੇਕ ਨਮੂਨੇ ਹੋਣ

(D) ਜਿਸ ਦੇ ਨਿਯਮ ਲਚਕੀਲੇ ਹੋਣ।

**ਉੱਤਰ**—(B) ਜਿਸ ਦਾ ਲਿਖਤੀ ਸ਼ਾਸਤਰ ਬਣ ਗਿਆ ਹੋਵੇ।

**(*vii*) ਨਾਚ ਤੇ ਚਿੱਤਰਕਾਰੀ ਕਿਸ ਦੇ ਉਦਾਹਰਨ ਹਨ ?**

(A) ਲੋਕ-ਮੰਚ

(B) ਲੋਕ-ਨਾਚ

(C) ਲੋਕ-ਕਲਾ

(D) ਲੋਕ-ਚਿੱਤਰ।

**ਉੱਤਰ**—(C) ਲੋਕ-ਕਲਾ।

**(*viii*) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਕੀ ਹੋ ਸਕਦਾ ਹੈ—**

(A) ਲੋਕ ਕਲਾਵਾਂ

(B) ਲੋਕ ਸ਼ਾਸਤਰ

(C) ਭਾਵਨਾਤਮਕ ਪ੍ਰਗਟਾਵਾ

(D) ਲੋਕ-ਨਾਚ ਦੀ ਪਰੰਪਰਾ।

**ਉੱਤਰ**—(A) ਲੋਕ ਕਲਾਵਾਂ।

**ਭਾਗ-2 : ਪ੍ਰਭਾਵਸ਼ਾਲੀ ਲਿਖਣ-ਕੌਸ਼ਲ**

**(Part-II : Writing Skill) 8 + 7 = 15**

**ਪ੍ਰਸ਼ਨ 2. ਮੈਸਰਜ਼ ਗਰਗ ਫੋਟੋਸਟੇਟ ਹਾਊਸ, ਸ੍ਰੀ ਅੰਮ੍ਰਿਤਸਰ ਸਾਹਿਬ ਨੇ ਮੈਸਰਜ਼ ਮਾਡਰਨ ਇੰਜੀਨੀਅਰ ਤਕਨਾਲੋਜੀ ਲੁਧਿਆਣਾ ਨੂੰ ਇੱਕ ਫੋਟੋਸਟੇਟ ਮਸ਼ੀਨ ਦਾ ਆਰਡਰ ਦਿੱਤਾ ਸੀ। ਮਸ਼ੀਨ ਮਿਲਣ 'ਤੇ ਪਤਾ ਲੱਗਾ ਕਿ ਮਸ਼ੀਨ ਠੀਕ ਨਹੀਂ, ਫੋਟੋਸਟੇਟ ਕਾਪੀ ਸਾਫ਼ ਨਹੀਂ ਕੱਢਦੀ। ਇਸ ਮਸ਼ੀਨ ਨੂੰ ਠੀਕ ਕਰਾਉਣ ਬਾਰੇ ਪੱਤਰ ਲਿਖੋ। 8**

**ਉੱਤਰ**—ਮੈਸਰਜ਼ ਮਲਹੋਤਰਾ ਫੋਟੋਸਟੇਟ ਕੇਂਦਰ,
ਬਰੈਂਡਰਥ ਰੋਡ,
ਜਲੰਧਰ ।
ਹਵਾਲਾ ਨੰ: 815, ਮਿਤੀ 16 ਮਾਰਚ, 20....

ਮੈਸਰਜ਼ ਮਾਡਰਨ ਇੰਜੀਨੀਅਰਿੰਗ ਤਕਨਾਲੋਜੀ,
ਨੇੜੇ ਪੁਤਲੀ ਘਰ,
ਅੰਮ੍ਰਿਤਸਰ ।

**ਵਿਸ਼ਾ**—ਫੋਟੋਸਟੇਟ ਮਸ਼ੀਨ ਦੇ ਨੁਕਸ ਸੰਬੰਧੀ ।

ਸ੍ਰੀਮਾਨ ਜੀ,

ਸਾਡੇ ਆਰਡਰ ਨੰ: 610, ਮਿਤੀ 1 ਜਨਵਰੀ, 20..... ਅਨੁਸਾਰ ਆਪ ਦੇ ਪ੍ਰਤੀਨਿਧ ਵਲੋਂ ਸਾਡੀ ਫ਼ਰਮ ਨੂੰ 12 ਮਾਰਚ, 20..... ਨੂੰ ਫੋਟੋਸਟੇਟ ਮਸ਼ੀਨ ਭੇਜੀ ਗਈ ਸੀ ਤੇ ਇਸ ਸੰਬੰਧੀ ਆਪ ਨੂੰ 40,000 ਰੁਪਏ ਦੀ ਰਕਮ ਦਾ ਭੁਗਤਾਨ ਡਰਾਫਟ ਨੰ: 16632, ਮਿਤੀ 28 ਫ਼ਰਵਰੀ, 20...., ਪੰਜਾਬ ਐਂਡ ਸਿੰਧ ਬੈਂਕ, ਅੰਮ੍ਰਿਤਸਰ ਰਾਹੀਂ ਕੀਤਾ ਜਾ ਚੁੱਕਾ ਹੈ । ਇਸ ਮਸ਼ੀਨ ਦੀ ਦੋ-ਤਿੰਨ ਦਿਨ ਵਰਤੋਂ ਕਰਨ ਉੱਤੇ ਸਾਡੇ ਨੋਟਿਸ ਵਿਚ ਆਇਆ ਹੈ ਕਿ ਇਹ ਕਾਪੀਆਂ ਧੁੰਦਲੀਆਂ ਵੀ ਕੱਢਦੀ ਹੈ ਤੇ ਡੱਬ-ਖੜੱਬੀਆਂ ਵੀ । ਕਈ ਵਾਰੀ ਇਸ ਵਿਚ ਕਾਗ਼ਜ਼ ਵੀ ਫਸ ਜਾਂਦਾ ਹੈ । ਅਸੀਂ ਇਸ ਵਿਚ ਸਿਆਹੀ ਦਾ ਪੱਧਰ ਵੀ ਦੇਖ ਲਿਆ ਹੈ, ਜੋ ਕਿ ਠੀਕ ਹੈ । ਮਸ਼ੀਨ ਦੀ ਖ਼ਰਾਬੀ ਕਾਰਨ ਸਾਨੂੰ ਕਾਫ਼ੀ ਪਰੇਸ਼ਾਨੀ ਆ ਰਹੀ ਹੈ ਤੇ ਕਾਰੋਬਾਰ ਚਲਾਉਣ ਲਈ ਸਾਨੂੰ ਫੋਟੋਸਟੇਟ ਦਾ ਕੰਮ ਬਾਹਰੋਂ ਕਰਾਉਣਾ ਪੈ ਰਿਹਾ ਹੈ ।

ਕਿਰਪਾ ਕਰਕੇ ਆਪ ਜਲਦੀ ਤੋਂ ਜਲਦੀ ਆਪਣੇ ਇੰਜੀਨੀਅਰ ਨੂੰ ਭੇਜ ਕੇ ਮਸ਼ੀਨ ਨੂੰ ਠੀਕ ਕਰਾਓ । ਆਸ ਹੈ ਕਿ ਆਪ ਸਾਡੀ ਸਮੱਸਿਆ ਵਲ ਬਿਨਾਂ ਦੇਰੀ ਤੋਂ ਧਿਆਨ ਦਿਓਗੇ ।
ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,
ਗੁਰਇਕਬਾਲ ਸਿੰਘ,
ਜਨਰਲ ਮੈਨੇਜਰ ।
ਮੋਬਾਈਲ .............

**ਜਾਂ**

**ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਆਯੋਜਿਤ ਹੋਣ ਵਾਲੇ ਕਿਸੇ ਕਿਸਾਨ ਮੇਲੇ ਵਿੱਚ ਆਪਣਾ ਸਟਾਲ ਲਾਉਣ ਲਈ ਮੇਲਾ-ਪ੍ਰਬੰਧਕਾਂ ਨੂੰ ਪੱਤਰ ਲਿਖੋ।**

**ਉੱਤਰ**—ਪਿੰਡ ਤੇ ਡਾਕ: ਹਰਚੋਆਲ,
ਜ਼ਿਲ੍ਹਾ ਹੁਸ਼ਿਆਰਪੁਰ ।
ਹਵਾਲਾ ਨੰ: 4212, ਮਿਤੀ 17 ਅਗਸਤ, 20...

ਮੁੱਖ ਖੇਤੀ-ਬਾੜੀ ਅਫ਼ਸਰ,
ਖੇਤਰੀ ਖੋਜ ਕੇਂਦਰ,
ਹੁਸ਼ਿਆਰਪੁਰ ।

**ਵਿਸ਼ਾ**—ਕਿਸਾਨ ਮੇਲੇ ਵਿਚ ਸਟਾਲ ਲਾਉਣ ਸੰਬੰਧੀ ।

ਸ੍ਰੀਮਾਨ ਜੀ,

ਬੀਤੇ ਦਿਨ ਅਖ਼ਬਾਰਾਂ ਵਿਚ ਛਪੇ ਇਸ਼ਤਿਹਾਰ ਤੋਂ ਪਤਾ ਲੱਗਾ ਹੈ ਕਿ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਵਲੋਂ 16 ਸਤੰਬਰ, 20.... ਨੂੰ ਜਲੰਧਰ ਵਿਚ ਇਕ ਕਿਸਾਨ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ । ਮੈਂ ਇਸ ਮੇਲੇ ਵਿਚ ਆਪਣਾ ਸਟਾਲ ਲਾਉਣਾ ਚਾਹੁੰਦਾ ਹਾਂ, ਜਿਸ ਵਿਚ ਹੇਠ ਲਿਖੇ ਅਨੁਸਾਰ ਵਸਤਾਂ ਸ਼ਾਮਲ ਕੀਤੀਆਂ ਜਾਣਗੀਆਂ ।

1. ਮੈਂ ਆਪਣੇ ਫ਼ਾਰਮ ਵਿਚ ਇਕ ਛੋਟਾ ਜਿਹਾ ਯੂਨਿਟ ਲਾ ਕੇ ਡੱਬਾ-ਬੰਦ ਸਾਗ, ਸਬਜ਼ੀਆਂ, ਦਾਲਾਂ, ਕੜ੍ਹੀ ਭਿੰਨ-ਭਿੰਨ ਪ੍ਰਕਾਰ ਦੇ ਅਚਾਰ, ਮੁਰੱਬੇ ਤੇ ਜਾਮ ਤਿਆਰ ਕਰਦਾ ਹਾਂ, ਜੋ ਕਿ ਲੋਕਾਂ ਵਿਚ ਬਹੁਤ ਪਸੰਦ ਕੀਤੇ ਜਾਂਦੇ ਹਨ ।
2. ਇਸ ਤੋਂ ਇਲਾਵਾ ਮੈਂ ਆਪਣੇ ਫਾਰਮ ਵਿਚ ਫੁੱਲਾਂ ਦੀ ਖੇਤੀ ਦੇ ਨਾਲ ਸ਼ਹਿਦ ਦੀਆਂ ਮੱਖੀਆਂ ਪਾਲ ਕੇ ਸ਼ਹਿਦ ਤਿਆਰ ਕਰਦਾ ਹਾਂ ਤੇ ਬੋਤਲਾਂ ਵਿਚ ਬੰਦ ਕਰ ਕੇ ਵੇਚਦਾ ਹਾਂ । ਇਸ ਸਟਾਲ ਤੋਂ ਲੋਕਾਂ ਨੂੰ ਸ਼ੁੱਧ ਸ਼ਹਿਦ ਪ੍ਰਾਪਤ ਹੋਵੇਗਾ ।

ਮੇਰੇ ਇਸ ਸਟਾਲ ਤੋਂ ਜਿੱਥੇ ਕਿਸਾਨਾਂ ਤੇ ਆਮ ਲੋਕਾਂ ਨੂੰ ਆਪਣੇ ਘਰਾਂ ਵਿਚ ਵਰਤਣ ਲਈ ਸ਼ੁੱਧ ਤੇ ਗੁਣਵੱਤਾ ਵਾਲੇ ਰੈਡੀਮੇਡ ਖਾਣੇ ਪ੍ਰਾਪਤ ਹੋ ਸਕਣਗੇ, ਉੱਥੇ ਉਹ ਆਪਣੇ ਘਰਾਂ ਤੇ ਫ਼ਾਰਮਾਂ ਵਿਚ ਛੋਟੇ-ਛੋਟੇ ਸ੍ਵੈ-ਰੁਜ਼ਗਾਰ ਖੋਲ੍ਹਣ ਲਈ ਵੀ ਉਤਸ਼ਾਹਿਤ ਹੋਣਗੇ ।

ਇਸ ਦੇ ਨਾਲ ਹੀ ਇਸ ਸਟਾਲ ਤੋਂ ਕਿਸਾਨਾਂ ਨੂੰ ਆਰਗੈਨਿਕ ਖੇਤੀ ਕਰਨ ਤੇ ਪਾਣੀ ਦੀ ਘੱਟ ਵਰਤੋਂ ਨਾਲ ਫ਼ਸਲਾਂ ਪੈਦਾ ਕਰਨ ਸੰਬੰਧੀ ਛਪਿਆ ਲਿਟਰੇਚਰ ਮੁਫ਼ਤ ਵੰਡਿਆ ਜਾਵੇਗਾ ।

ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਆਪਣੇ ਉਤਪਾਦਨਾਂ ਦੀ ਗੁਣਵੱਤਾ ਕਰਕੇ ਮੈਨੂੰ ਬਹੁਤ ਸਾਰੇ ਇਨਾਮ-ਸਨਮਾਨ ਵੀ ਪ੍ਰਾਪਤ ਹੋ ਚੁੱਕੇ ਹਨ ।

ਕਿਰਪਾ ਕਰਕੇ ਇਹ ਜਾਣਕਾਰੀ ਦਿੱਤੀ ਜਾਵੇ ਕਿ ਮੈਨੂੰ ਇਸ ਮੇਲੇ ਵਿਚ ਕਿਸ ਆਕਾਰ ਦਾ ਸਟਾਲ ਲਾਉਣ ਦੀ ਆਗਿਆ ਹੋਵੇਗੀ ਤੇ ਇਸ ਦੀ

HOLY FAITH INTERNATIONAL (P) LTD.

ਫੀਸ ਕਿੰਨੀ ਅਦਾ ਕਰਨੀ ਪਵੇਗੀ । ਸਟਾਲ ਦੀ ਸਥਿਤੀ ਕੀ ਹੋਵੇਗੀ ਤੇ ਕੀ ਇਸ ਦੇ ਪਰਚਾਰ ਲਈ ਬੈਨਰ ਜਾਂ ਬੋਰਡ ਵੀ ਲਾਏ ਜਾ ਸਕਣਗੇ ਜਾਂ ਨਹੀਂ ?

ਆਸ ਹੈ ਕਿ ਆਪ ਮੈਨੂੰ ਮੇਲੇ ਵਿਚ ਸਟਾਲ ਲਾਉਣ ਦੀ ਪਰਵਾਨਗੀ ਦਿਓਗੇ । ਇਸ ਸੰਬੰਧੀ ਆਪ ਵਲੋਂ ਨਿਰਧਾਰਿਤ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ ।

ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,

ਰਿਤੇਸ਼ ਕੁਮਾਰ ।

ਮੋਬਾਈਲ ..............

**ਪ੍ਰਸ਼ਨ 3. ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। 7**

**ਰੁੱਖਾਂ ਦੀ ਮਹੱਤਤਾ**

ਅੱਜ ਤੋਂ ਚਾਲੀ ਲੱਖ ਸਾਲ ਪਹਿਲਾਂ ਜਦੋਂ ਤੋਂ ਮਨੁੱਖ ਇਸ ਧਰਤੀ ਉੱਤੇ ਪੈਦਾ ਹੋਇਆ ਹੈ, ਤਦੋਂ ਤੋਂ ਹੀ ਵਾਤਾਵਰਨ ਵਿਚ ਮੌਜੂਦ ਭਿੰਨ-ਭਿੰਨ ਪ੍ਰਕਾਰ ਦੇ ਰੁੱਖ ਉਸ ਦੇ ਜੀਵਨ ਨਾਲ ਜੁੜੇ ਰਹੇ ਹਨ। ਇਹ ਮਨੁੱਖ ਨੂੰ ਬਹੁਤ ਸਾਰੇ ਫ਼ਾਇਦੇ ਦਿੰਦੇ ਹਨ। ਇਹ ਤੇਜ਼ ਮੀਂਹ ਦੀਆਂ ਬੁਛਾੜਾਂ ਤੋਂ ਉਪਜਾਊ ਮਿੱਟੀ ਨੂੰ ਰੁੜ੍ਹਨ ਤੋਂ ਬਚਾਉਂਦੇ ਹਨ। ਇਨ੍ਹਾਂ ਦੇ ਮੋਟੇ, ਉੱਚੇ ਤੇ ਲੰਮੇ ਤਣੇ ਤੇ ਉਨ੍ਹਾਂ ਦੀਆਂ ਟਾਹਣੀਆਂ ਕਈ ਜਾਨਵਰਾਂ ਅਤੇ ਅਨੇਕਾਂ ਜੀਵਾਂ ਨੂੰ ਰੈਣ-ਬਸੇਰੇ, ਰਿਹਾਇਸ਼ਗਾਹਾਂ ਤੇ ਸੁਰੱਖਿਆ ਪ੍ਰਦਾਨ ਕਰਦੀਆਂ ਹਨ । ਇਨ੍ਹਾਂ ਦੀਆਂ ਜੜ੍ਹਾਂ ਜ਼ਮੀਨ ਨੂੰ ਪਕੜ ਕੇ ਰੱਖਦੀਆਂ ਤੇ ਮਿੱਟੀ ਦੁਆਰਾ ਪਾਣੀ ਨੂੰ ਜਜ਼ਬ ਕਰਨ ਵਿਚ ਸਹਾਇਤਾ ਕਰਦੀਆਂ ਹਨ। ਇਸ ਤਰ੍ਹਾਂ ਰੁੱਖ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਦੀ ਵੀ ਸੰਭਾਲ ਕਰਦੇ ਹਨ। ਇਨ੍ਹਾਂ ਦੇ ਹੇਠਾਂ ਡਿੱਗੇ ਪੱਤੇ ਗਲ-ਸੜ ਕੇ ਜ਼ਮੀਨ ਨੂੰ ਨਰਮ ਤੇ ਉਪਜਾਊ ਬਣਾਉਂਦੇ ਹਨ, ਜਿਸ ਤੋਂ ਅਗਲੀ ਪੀੜ੍ਹੀ ਦੇ ਬੂਟਿਆਂ ਦੀ ਨਵੀਂ ਪਨੀਰੀ ਉੱਗਣ ਵਿਚ ਸਹਾਇਤਾ ਮਿਲਦੀ ਹੈ। ਰੁੱਖਾਂ ਦੇ ਸੰਘਣੇ ਝੁੰਡ ਇਕ ਵਿਸ਼ਾਲ ਸਪੰਜ ਵਾਂਗ ਆਪਣੇ ਅੰਦਰ ਪਾਣੀ ਨੂੰ ਸਮੋ ਕੇ ਰੱਖਦੇ ਹਨ ਤੇ ਉਸ ਨੂੰ ਹੌਲੀ-ਹੌਲੀ ਛੱਡਦੇ ਹਨ, ਜਿਸ ਕਾਰਨ ਦਰਿਆਵਾਂ ਤੇ ਝਰਨਿਆਂ ਵਿਚ ਸਾਰਾ ਸਾਲ ਪਾਣੀ ਮੌਜੂਦ ਰਹਿੰਦਾ ਹੈ ਅਤੇ ਗਲੇਸ਼ੀਅਰ ਤੇ ਬਰਫ਼ ਦੇ ਢੇਰ ਸੰਭਾਲੇ ਰਹਿੰਦੇ ਹਨ। ਵਾਤਾਵਰਨ ਵਿਚ ਨਮੀ, ਠੰਢਕ ਤੇ ਤਾਪਮਾਨ ਦਾ ਨਿਯੰਤਰਨ ਕਰਨ ਵਿਚ ਵੀ ਰੁੱਖਾਂ ਦੀ ਅਹਿਮ ਭੂਮਿਕਾ ਹੈ। ਇਹ ਹਵਾ ਵਿੱਚੋਂ ਕਾਰਬਨ-ਡਾਇਆਕਸਾਈਡ ਚੂਸਦੇ ਤੇ ਆਕਸੀਜਨ ਛੱਡਦੇ ਹਨ, ਜੋ ਕਿ ਮਨੁੱਖਾਂ ਅਤੇ ਹੋਰਨਾਂ ਪ੍ਰਾਣੀਆਂ ਦਾ ਜੀਵਨ-ਆਧਾਰ ਹੈ। ਇਸ ਤੋਂ ਇਲਾਵਾ ਰੁੱਖਾਂ ਨੇ ਮਨੁੱਖ ਨੂੰ ਬਾਲਣ, ਕਾਗਜ਼, ਕੱਪੜੇ, ਰੇਲਵੇ ਦੇ ਸਲੀਪਰ, ਬੱਸਾਂ, ਟਰੱਕ, ਬੇੜੀਆਂ, ਪੁਲ, ਲੱਠਾਂ, ਖੇਤੀ ਦੇ ਸੰਦ, ਮਕਾਨ, ਮਾਚਸ, ਸਿਆਹੀ, ਡੰਗੋਰੀ, ਬਰੋਜ਼ਾ, ਤਾਰਪੀਨ ਦਾ ਤੇਲ ਤੇ ਕੋਇਲਾ ਆਦਿ ਬਹੁਤ ਕੁੱਝ ਦਿੱਤਾ ਹੈ। ਜੰਗਲਾਂ ਦੇ ਕਾਇਮ ਰਹਿਣ ਨਾਲ ਹੀ ਸਾਨੂੰ ਖਾਣ-ਪੀਣ ਦਾ ਸਮਾਨ, ਫਲ, ਤੇਲ ਅਤੇ ਦਵਾਈਆਂ ਲਈ ਜੜ੍ਹਾਂ, ਪੱਤੇ, ਫੁੱਲ, ਫਲ ਤੇ ਬੀਜ ਆਦਿ ਮਿਲਦੇ ਹਨ। ਰੁੱਖ ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਤੇ ਥਲ-ਪ੍ਰਦੂਸ਼ਣ ਨੂੰ ਘਟ ਕਰਨ ਵਿਚ ਸਾਡੀ ਸਹਾਇਤਾ ਕਰਦੇ ਹਨ। ਰੁੱਖਾ ਦੇ ਇੰਨੇ ਲਾਭ ਹੋਣ ਦੇ ਬਾਵਜੂਦ ਸ਼ਹਿਰੀਕਰਨ, ਉਦਯੋਗੀਕਰਨ ਤੇ ਫ਼ਸਲਾਂ ਦੇ ਵਪਾਰੀਕਰਨ ਨੇ ਜੰਗਲਾਂ ਦੀ ਬੁਰੀ ਤਰ੍ਹਾਂ ਤਬਾਹੀ ਕੀਤੀ ਹੈ, ਜਿਸ ਦੇ ਸਿੱਟੇ ਵਜੋਂ ਰੁੱਖਾਂ ਤੇ ਜੰਗਲੀ ਜਾਨਵਰਾਂ ਦੀਆਂ ਬਹੁਤ ਸਾਰੀਆਂ ਪਰਜਾਤੀਆਂ ਅਲੋਪ ਹੋ ਗਈਆਂ ਹਨ। ਕਈ ਵਿਦੇਸ਼ੀ ਬੂਟਿਆਂ ਤੇ ਸਮੇਂ-ਸਮੇਂ ਜੰਗਲਾਂ ਨੂੰ ਲੱਗੀ ਅੱਗ ਨੇ ਵੀਂ ਜੰਗਲਾਂ ਨੂੰ ਕਾਫ਼ੀ ਨੁਕਸਾਨ ਪੁਚਾਇਆ ਹੈ। ਪਰੰਤੂ ਰੁੱਖਾਂ ਤੋਂ ਬਿਨਾਂ ਧਰਤੀ ਉੱਤੇ ਜੀਵਨ ਸੰਭਵ ਨਹੀਂ। ਭਾਰਤ ਦੀ ਤਾਜ਼ਾ ਰਾਸ਼ਟਰੀ ਜੰਗਲਾਤ ਨੀਤੀ ਅਨੁਸਾਰ ਸਾਰੀ ਜ਼ਮੀਨ ਦੇ ਕੁੱਲ ਰਕਬੇ ਦਾ 33% ਹਿੱਸਾ ਜੰਗਲਾਂ ਨਾਲ ਢੱਕਿਆ ਹੋਣਾ ਚਾਹੀਦਾ ਹੈ, ਜਿਸ ਕਰਕੇ ਸੜਕਾਂ, ਰੇਲਵੇ ਲਾਈਨਾਂ, ਸ਼ਾਮਲਾਟਾਂ, ਸ਼ਹਿਰਾਂ ਦੇ ਅੰਦਰਲੀਆਂ ਸੜਕਾਂ ਤੇ ਪਾਰਕਾਂ ਵਿਚ ਰੁੱਖ ਲਾਉਣ ਦਾ ਜ਼ੋਰਦਾਰ ਉਪਰਾਲਾ ਕੀਤਾ ਜਾ ਰਿਹਾ ਹੈ ਤੇ ਇਸ ਸੰਬੰਧੀ ਵਣ-ਮਹਾਂਉਤਸਵ ਵਰਗੇ ਦਿਨ ਮਨਾ ਕੇ ਇਸ ਮੁਹਿੰਮ ਨੂੰ ਹੁਲਾਰਾ ਦਿੱਤਾ ਜਾਂਦਾ ਹੈ। ਰੁੱਖ ਬਚਾਉਣ ਲਈ ਉੱਤਰ ਪ੍ਰਦੇਸ਼ ਦੇ ਚਮੋਲੀ ਸ਼ਹਿਰ ਦੇ ਨੇੜੇ ਗੋਪੀਸਰ ਕਸਬੇ ਵਿੱਚ ਚੱਲਿਆ ਚਿਪਕੋ ਅੰਦੋਲਨ ਜਗਤ-ਪ੍ਰਸਿੱਧ ਹੋਇਆ। ਇਸੇ ਤਰ੍ਹਾਂ ਕੁੱਝ ਹੋਰ ਵਿਅਕਤੀਆਂ ਨੇ ਵੀ ਰੁੱਖਾਂ ਨੂੰ ਬਚਾਉਣ ਲਈ ਕੰਮ ਕੀਤਾ। ਅਸਲ ਵਿਚ ਸਾਨੂੰ ਸਾਰਿਆਂ ਨੂੰ ਰਲ ਕੇ ਰੁੱਖਾਂ ਤੇ ਜੰਗਲਾਂ ਦੀ ਰੱਖਿਆ ਕਰਨੀ ਚਾਹੀਦੀ ਹੈ ਤੇ ਹਰ ਮਨੁੱਖ ਨੂੰ ਜ਼ਿੰਦਗੀ ਵਿਚ ਘੱਟੋ-ਘੱਟ 10 ਰੁੱਖ, ਖ਼ਾਸਕਰ ਸਥਾਨਕ ਰੁੱਖ ਲਾਉਣੇ ਚਾਹੀਦੇ ਹਨ, ਤਾਂ ਜੋ ਅਗਲੀਆਂ ਪੀੜ੍ਹੀਆਂ ਨੂੰ ਲੱਕੜ, ਜੰਗਲੀ ਸੋਮੇ ਤੇ ਸਾਫ਼-ਸੁਥਰਾ ਵਾਤਾਵਰਨ ਪ੍ਰਾਪਤ ਹੋ ਸਕੇ।

**ਜਾਂ**

**ਸਾਡੀ ਪ੍ਰੀਖਿਆ ਪ੍ਰਨਾਲੀ**

ਪ੍ਰੀਖਿਆ ਪ੍ਰਨਾਲੀ ਵਿਦਿਆਰਥੀ ਦੇ ਮੁੱਢਲੀ ਤੋਂ ਉੱਚ ਪੱਧਰੀ ਵਿੱਦਿਅਕ ਸਫ਼ਰ ਪਾਰ ਕੀਤੇ ਜਾਣ ਵਾਲੇ ਪੜਾਵਾਂ ਦਾ ਮਹੱਤਵਪੂਰਨ ਆਧਾਰ ਹੈ । ਇਹ ਵਿਦਿਆਰਥੀ ਦੇ ਮਨ ਵਿਚ ਇਕ ਡਰ ਪੈਦਾ ਕਰਦੀ ਹੈ,ਜਿਸ ਤੋਂ ਉਸ ਲਈ ਛੁਟਕਾਰਾ ਪਾਉਣਾ ਸੌਖਾ ਨਹੀਂ ਹੁੰਦਾ। ਹਰ ਕਲਾਸ ਦਾ ਵਿਦਿਆਰਥੀ ਸਾਲ ਜਾਂ ਸਮੈਸਟਰ ਦੇ ਪੂਰਾ ਹੋਣ 'ਤੇ ਉਸ ਦੌਰਾਨ ਪ੍ਰਾਪਤ ਕੀਤੀ ਵਿਦਿਆ ਵਿਚ ਆਪਣੀ ਪਰਪੱਕਤਾ ਦਾ ਸਬੂਤ ਦੇਣ ਲਈ ਵਿਦਿਅਕ ਅਦਾਰੇ ਜਾਂ ਵਿਭਾਗ ਵਲੋਂ ਆਯੋਜਿਤ ਪ੍ਰੀਖਿਆ ਵਿਚ ਸ਼ਾਮਿਲ ਹੁੰਦਾ ਹੈ ਤੇ ਇਸ ਦੌਰਾਨ ਪ੍ਰਸ਼ਨ-ਪੱਤਰ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਜ਼ੁਬਾਨੀ ਉੱਤਰ ਕਾਪੀ ਵਿਚ ਲਿਖਦਾ ਹੈ, ਜਾਂ ਪ੍ਰਯੋਗਸ਼ਾਲਾ ਵਿਚ ਪ੍ਰਯੋਗ ਕਰ ਕੇ ਦਿਖਾਉਂਦਾ ਹੈ। ਪ੍ਰੀਖਿਆ ਵਿਚ ਪਾਸ ਹੋਣ ਲਈ ਨਿਰਧਾਰਿਤ ਘੱਟੋ-ਘੱਟ (ਆਮ ਕਰਕੇ 33% ) ਨੰਬਰ ਪ੍ਰਾਪਤ ਕਰਨ ਉੱਤੇ ਉਸਨੂੰ ਪਾਸ ਘੋਸ਼ਿਤ ਕੀਤਾ ਜਾਂਦਾ ਹੈ ਤੇ ਇਸ ਤੋਂ ਉੱਪਰ 50% ,60% ਜਾਂ ਇਸ ਤੋਂ ਉੱਪਰ ਨੰਬਰ ਪ੍ਰਾਪਤ ਕੀਤੇ ਜਾਣ 'ਤੇ ਉਸਦੀ ਸਫ਼ਲਤਾ ਦਾ ਦਰਜਾਵਾਰ ਮਿਆਰ ਨਿਰਧਾਰਿਤ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੀ ਪ੍ਰੀਖਿਆ ਪ੍ਰਨਾਲੀ ਸਾਡੇ ਸਾਰੇ ਦੇਸ਼ ਦੇ ਲਗਪਗ ਸੀਨੀਅਰ ਸੈਕੰਡਰੀ ਸਕੂਲਾਂ ਅਤੇ ਯੂਨੀਵਰਸਿਟੀਆਂ ਦੁਆਰਾ ਅਪਣਾਈ ਜਾਂਦੀ ਹੈ। ਇਸ ਪ੍ਰੀਖਿਆ ਪ੍ਰਨਾਲੀ ਦਾ ਸਭ ਤੋਂ ਵੱਡਾ ਦੋਸ਼ ਇਹ ਹੈ ਕਿ ਇਹ ਕੁਝ ਘੰਟਿਆਂ ਦੇ ਮਿੱਥੇ ਸਮੇਂ ਵਿਚ ਪੁੱਛੇ ਗਏ ਕੁੱਝ ਪ੍ਰਸ਼ਨਾਂ ਸੰਬੰਧੀ ਵਿਦਿਆਰਥੀ ਦੀ ਉਸਦੇ ਘੋਟੇ ਅਤੇ ਯਾਦਾਸ਼ਤ ਦੀ ਪਰਖ ਹੀ ਕਰਦੀ ਹੈ। ਇਹ ਉਸਦੀ ਮਿਹਨਤ, ਸੂਝ-ਬੂਝ ਤੇ ਰਚਨਾਤਮਕਤਾ ਦੀ ਪਰਖ ਨਹੀਂ ਕਰਦੀ। ਜੇਕਰ ਪ੍ਰਸ਼ਨ ਪੱਤਰ ਵਿਚ ਕਿਸੇ ਦੇ ਇਕ ਰਾਤ ਪਹਿਲਾਂ ਯਾਦ ਕੀਤੇ ਪ੍ਰਸ਼ਨ ਆ ਜਾਣ ਤਾਂ ਉਹ ਪ੍ਰੀਖਿਆ ਵਿਚੋਂ ਪਾਸ ਹੋ ਜਾਂਦਾ ਹੈ, ਪਰੰਤੂ ਜੇਕਰ ਕਿਸੇ ਨੂੰ ਬਾਕੀ ਸਾਰੇ ਕੋਰਸ ਸੰਬੰਧੀ ਪ੍ਰਸ਼ਨ ਦੇ ਉੱਤਰ ਯਾਦ ਹੋਣ, ਪਰੰਤੂ ਕਿਸੇ ਕਾਰਨ ਉਸਨੇ ਪੁੱਛੇ ਗਏ ਸਾਰੇ ਜਾਂ ਉਨ੍ਹਾਂ ਵਿਚੋਂ ਕੁੱਝ ਪ੍ਰਸ਼ਨ ਯਾਦ ਨਾ ਕੀਤੇ ਹੋਣ, ਤਾਂ ਉਹ ਫੇਲ੍ਹ ਹੋ ਜਾਂਦਾ ਹੈ, ਜਾਂ ਉਸਦੀ ਡਿਵੀਜ਼ਨ ਅਤੇ ਪ੍ਰਤੀਸ਼ਤ ਵਿਚ ਫ਼ਰਕ ਪੈ ਜਾਂਦਾ ਹੈ। ਇਸਦੇ ਨਾਲ ਹੀ ਜੇਕਰ ਇਕ ਉੱਤਰ-ਕਾਪੀ ਨੂੰ ਦੋ ਜਾਂ ਤਿੰਨ ਵੱਖ-ਵੱਖ ਨਿਰੀਖਿਅਕ ਚੈੱਕ ਕਰਨ, ਤਾਂ ਉਨ੍ਹਾਂ ਦੁਆਰਾ ਦਿੱਤੇ ਨੰਬਰਾਂ ਵਿਚ ਫ਼ਰਕ ਪੈ ਜਾਂਦਾ ਹੈ। ਇਸੇ ਤਰ੍ਹਾਂ ਉੱਤਰ-ਕਾਪੀ ਤੇ ਨੰਬਰ ਲਾਉਣ ਦੀ ਪ੍ਰਕਿਰਿਆ ਨਿਰੀਖਿਅਕ ਦੇ ਮੂਡ ਉੱਤੇ ਵੀ ਨਿਰਭਰ ਕਰਦੀ ਹੈ। ਇਸ ਦੇ ਨਾਲ ਹੀ ਪ੍ਰੀਖਿਆ ਦਾ ਕਿਸੇ ਨਿਸ਼ਚਿਤ ਸਮੇਂ ਨਾਲ ਬੱਝੀ ਹੋਣ ਕਰਕੇ ਵੀ ਜੇਕਰ ਸਾਰਾ ਸਾਲ

ਮਿਹਨਤ ਕਰਨ ਵਾਲਾ ਵਿਦਿਆਰਥੀ ਉਸ ਦਿਨ ਬਿਮਾਰ ਹੋ ਜਾਵੇ, ਤਾਂ ਵੀ ਉਸਦੀ ਸਾਲ ਭਰ ਦੀ ਮਿਹਨਤ ਵਿਅਰਥ ਚਲੀ ਜਾਂਦੀ ਹੈ। ਇਸ ਤੋਂ ਇਲਾਵਾ ਪ੍ਰੀਖਿਆ ਵਿਚ ਨਕਲ ਵੀ ਚਲਦੀ ਹੈ ਤੇ ਪੇਪਰ ਲੀਕ ਵੀ ਹੁੰਦੇ ਹਨ । ਇਨ੍ਹਾਂ ਕਾਰਨਾਂ ਕਰਕੇ ਬਹੁਤ ਸਾਰੇ ਵਿਦਿਆਰਥੀ ਇਸ ਪ੍ਰੀਖਿਆ ਪ੍ਰਣਾਲੀ ਦੇ ਸੁਧਾਰ ਲਈ ਅਵਾਜ਼ ਉਠਾਉਂਦੇ ਰਹਿੰਦੇ ਹਨ ਤੇ ਇਸਨੂੰ ਸਮਾਂ-ਸੀਮਾਂ ਦੇ ਬੰਧਨ ਤੇ ਆਧਾਰਿਤ ਬਣਨ ਤੋਂ ਰੋਕਣ ਲਈ, ਵਿਦਿਆਰਥੀ ਦੀ ਸਾਲਾਨਾ ਜਾਂ ਸਮੈਸਟਰ ਪ੍ਰੀਖਿਆ ਦੇ ਨਾਲ ਉਸਦੇ ਅਧਿਆਪਕਾਂ ਦੁਆਰਾ ਕੀਤੇ ਉਸਦੇ ਪ੍ਰਸ਼ਨ-ਪੱਤਰਾਂ ਵਿਚ ਬਹੁਗਿਣਤੀ ਵਿਚ ਵਸਤੂਨਿਸ਼ਠ ਤੇ ਅਤਿ-ਸੰਖੇਪ ਉੱਤਰ ਵਾਲੇ ਪ੍ਰਸ਼ਨ ਸ਼ਾਮਿਲ ਕਰਨਾ ਵੀ ਇਸੇ ਦਿਸ਼ਾ ਵਲ ਕਦਮ ਹੈ। ਇਸਦੇ ਬਾਵਜੂਦ ਪ੍ਰੀਖਿਆ ਨੂੰ ਕਿਸੇ ਵਿਦਿਆਰਥੀ ਦੀ ਸੂਝ-ਬੂਝ, ਬੁੱਧੀਮਤਾ ਤੇ ਰਚਨਾਤਮਕਤਾ ਦੀ ਸਹੀ ਪਰਖ ਨਹੀਂ ਮੰਨਿਆ ਜਾ ਸਕਦਾ। ਕਿਹਾ ਜਾਂਦਾ ਹੈ ਕਿ ਸ਼ੇਕਸਪੀਅਰ, ਟਾਲਸਟਾਏ ਤੇ ਆਇਨਸਟਾਇਨ ਦੀ ਪ੍ਰੀਖਿਆ ਵਿਚਲੀ ਪ੍ਰਾਪਤੀ ਕਦੇ ਵੀ ਸ਼ਾਨਦਾਰ ਨਹੀਂ ਸੀ। ਇਸੇ ਕਰਕੇ ਸਾਡੀ ਪ੍ਰੀਖਿਆ ਪ੍ਰਣਾਲੀ ਸਾਡੀ ਵਿਦਿਆ-ਪ੍ਰਣਾਲੀ ਵਾਂਗ ਕਲਰਕ ਪੈਦਾ ਕਰਨ ਵਾਲੀ ਹੀ ਹੈ।

**ਭਾਗ-3 : ਵਿਹਾਰਕ ਵਿਆਕਰਨ**

**(Part-III : Grammar)** **3 + 10 = 13**

**ਪ੍ਰਸ਼ਨ 4. ਵਾਕ-ਵਟਾਂਦਰਾ**

**ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ।**

**(*i*) ਅੱਜ-ਕੱਲ੍ਹ ਕੌਣ ਕਿਸੇ ਦੇ ਆਖੇ ਲੱਗਦਾ ਹੈ ? 3 × 1 = 3**
**(ਸਧਾਰਨ ਵਾਕ ਬਣਾਓ)**

**(*ii*) ਸਿਆਣੇ ਬੱਚੇ ਕਦੀ ਵੀ ਵੱਡਿਆਂ ਦਾ ਨਿਰਾਦਰ ਨਹੀਂ ਕਰਦੇ।**
**(ਹਾਂ-ਵਾਚਕ ਵਾਕ ਬਣਾਓ)**

**(*iii*) ਰਾਜੂ ਨੇ ਕਾਰ ਚਲਾਈ। (ਕਰਮਣੀ ਵਾਕ ਬਣਾਓ)**

**(*iv*) ਭਾਵੇਂ ਤੁਸੀਂ ਦੌਲਤਮੰਦ ਹੋ ਤਾਂ ਵੀ ਤੁਸੀਂ ਸੁਖੀ ਨਹੀਂ ਹੋ।**
**(ਸੰਯੁਕਤ ਵਾਕ ਬਣਾਓ)**

**ਉੱਤਰ**—(*i*) ਅੱਜ-ਕੱਲ੍ਹ ਕੋਈ ਕਿਸੇ ਦੇ ਆਖੇ ਨਹੀਂ ਲਗਦਾ।
(*ii*) ਸਿਆਣੇ ਬੱਚੇ ਸਦਾ ਵੱਡਿਆਂ ਦਾ ਆਦਰ ਕਰਦੇ ਹਨ।
(*iii*) ਕਾਰ ਰਾਜੂ ਦੁਆਰਾ ਚਲਾਈ ਗਈ।
(*iv*) ਤੁਸੀਂ ਦੌਲਤਮੰਦ ਹੋ ਪਰ ਤੁਸੀ ਸੁਖੀ ਨਹੀਂ ਹੋ।

**ਪ੍ਰਸ਼ਨ 5. ਅਖਾਣ/ਅਖਾਉਤਾਂ** **5 × 2 = 10**

**ਹੇਠ ਦਿੱਤੇ ਗਏ ਅਖਾਣਾਂ ਵਿਚੋਂ ਕਿਸੇ ਪੰਜ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪੱਸ਼ਟ ਹੋ ਜਾਵੇ—**

(*i*) ਸੰਗ ਤਾਰੇ ਕੁਸੰਗ ਡੋਬੇ
(*ii*) ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ
(*iii*) ਜੋ ਰਾਤੀਂ ਜਾਗਣ ਕਾਲੀਆਂ, ਸੋਈ ਖਾਣ ਸੁਖਾਲੀਆਂ
(*iv*) ਭੱਜਦਿਆਂ ਨੂੰ ਵਾਹਨ ਇੱਕੋ ਜਿਹੇ
(*v*) ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ
(*vi*) ਖਿੱਦੋ ਫਰੋਲਿਆਂ ਲੀਰਾਂ ਹੀ ਨਿਕਲਦੀਆਂ ਹਨ

**ਉੱਤਰ—(*i*) ਸੰਗ ਤਾਰੇ ਕੁਸੰਗ ਡੋਬੇ**—(ਇਹ ਅਖਾਣ ਚੰਗੀ ਜਾਂ ਬੁਰੀ ਸੰਗਤ ਦਾ ਅਸਰ ਦਰਸਾਉਣ ਲਈ ਵਰਤੀ ਜਾਂਦੀ ਹੈ ।)—ਪਿਤਾ ਨੇ ਪੁੱਤਰ ਨੂੰ ਕਿਹਾ ਕਿ ਉਹ ਨਸ਼ੇਬਾਜ਼ਾਂ ਤੇ ਜੂਏਬਾਜ਼ਾਂ ਦੀ ਸੰਗਤ ਨਾ ਕਰੇ, ਨਹੀਂ ਤਾਂ ਜਿਸ ਦਿਨ ਪੁਲਿਸ ਨੇ ਉਨ੍ਹਾਂ ਨੂੰ ਆ ਦਬੋਚਿਆ, ਤਦ ਨਾਲ ਹੀ ਉਹ ਵੀ ਰਗੜਿਆ ਜਾਵੇਗਾ । ਫਿਰ ਉਸ ਨੂੰ ਜ਼ਿੰਦਗੀ ਭਰ ਪਛਤਾਉਣਾ ਪਵੇਗਾ । ਸਿਆਣੇ ਕਹਿੰਦੇ ਹਨ, 'ਸੰਗ ਤਾਰੇ ਕੁਸੰਗ ਡੋਬੇ ।'

**(*ii*) ਘੜੇ ਨੂੰ ਹੱਥ ਲਾਇਆ, ਸਾਰਾ ਟੱਬਰ ਤਿਹਾਇਆ** (ਇਕ ਨੂੰ ਚੀਜ਼ ਦੇਣ ਲੱਗੋ, ਤਾਂ ਸਾਰਿਆਂ ਦਾ ਮੰਗਣ ਲੱਗ ਪੈਣਾ ।)—ਜਦੋਂ ਮੈਂ ਰੋਟੀ ਲੈ ਕੇ ਖਾਣ ਬੈਠੀ, ਤਾਂ ਸਾਰੇ ਬੱਚੇ ਮੇਰੇ ਦੁਆਲ਼ੇ ਆ ਕੇ ਰੌਲਾ ਪਾਉਣ ਲੱਗੇ ਕਿ ਉਨ੍ਹਾਂ ਨੂੰ ਵੀ ਰੋਟੀ ਦਿਓ ਕਿਉਂਕਿ ਉਹ ਭੁੱਖੇ ਹਨ । ਅਖੇ, 'ਘੜੇ ਨੂੰ ਹੱਥ ਲਾਇਆ, ਸਾਰਾ ਟੱਬਰ ਤਿਹਾਇਆ ।'

**(*iii*) ਜੋ ਰਾਤੀਂ ਜਾਗਣ ਕਾਲੀਆਂ, ਸੋਈ ਖਾਣ ਸੁਖਾਲੀਆਂ** (ਸਖ਼ਤ ਮਿਹਨਤ ਦਾ ਫਲ ਮਿਲਦਾ ਹੈ।)—ਜਿਹੜੇ ਵਿਦਿਆਰਥੀ ਰਾਤਾਂ ਜਾਗ-ਜਾਗ ਕੇ ਸਖ਼ਤ ਮਿਹਨਤ ਕਰਦੇ ਹਨ, ਉਹ ਪ੍ਰੀਖਿਆ ਵਿਚ ਚੰਗੇ ਨੰਬਰ ਲੈ ਕੇ ਜ਼ਿੰਦਗੀ ਵਿਚ ਉੱਚੇ ਅਹੁਦਿਆਂ 'ਤੇ ਪਹੁੰਚਦੇ ਤੇ ਸੁਖ ਮਾਣਦੇ ਹਨ । ਸਿਆਣਿਆਂ ਨੇ ਕਿਹਾ ਹੈ, 'ਜੋ ਰਾਤੀਂ ਜਾਗਣ ਕਾਲੀਆਂ, ਸੋਈ ਖਾਣ ਸੁਖਾਲੀਆਂ ।'

**(*iv*) ਭੱਜਦਿਆਂ ਨੂੰ ਵਾਹਣ ਇੱਕੋ ਜਿਹੇ**—(ਇਸ ਅਖਾਣ ਦੀ ਵਰਤੋਂ ਇਹ ਦੱਸਣ ਲਈ ਹੁੰਦੀ ਹੈ ਕਿ ਦੁਸ਼ਮਣੀ ਵਿਚ ਦੋਹਾਂ ਧਿਰਾਂ ਨੂੰ ਔਕੜਾਂ ਵੀ ਇੱਕੋ ਜਿਹੀਆਂ ਹੁੰਦੀਆਂ ਹਨ ਤੇ ਖੁੱਲ੍ਹਾਂ ਵੀ ।)— ਕੋਈ ਨਹੀਂ ਜੇਕਰ ਤੂੰ ਮੇਰੇ ਵਿਰੁੱਧ ਇਕ ਮੁਕੱਦਮਾ ਕੀਤਾ ਹੈ, ਤਾਂ ਮੈਂ ਦੋ ਕਰ ਦਿਆਂਗਾ । 'ਭੱਜਦਿਆਂ ਨੂੰ ਵਾਹਣ ਇੱਕੋ ਜਿਹੇ ।'

**(*v*) ਪਾਣੀ ਵਿੱਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ** (ਜਿੱਥੇ ਏਕਤਾ ਹੋਵੇ, ਉੱਥੇ ਵਖਰੇਵਾਂ ਨਹੀਂ ਹੋ ਸਕਦਾ ।)—ਫ਼ਿਰਕੂ-ਏਕਤਾ ਦੇ ਮੁਦਈ ਲੀਡਰ ਨੇ ਕਿਹਾ, ''ਵੀਰੋ, ਰਲ-ਮਿਲ ਕੇ ਰਹੋ । ਹਿੰਦੂਆਂ-ਸਿੱਖਾਂ ਸਾਰਿਆਂ ਨੇ ਇੱਥੇ ਹੀ ਜੰਮਣਾ-ਮਰਨਾ ਹੈ । ਪਾਣੀ ਵਿਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੁੰਦੇ ।''

**(*vi*) ਖਿੱਦੋ ਫਰੋਲਿਆਂ ਲੀਰਾਂ ਹੀ ਨਿਕਲਦੀਆਂ ਹਨ** (ਪੁਰਾਣੀਆਂ ਗੱਲਾਂ ਕਰਨ ਦਾ ਨੁਕਸਾਨ ਹੀ ਹੁੰਦਾ ਹੈ ।)—ਮੈਂ ਦੋਹਾਂ ਭਰਾਵਾਂ ਵਿਚ ਜ਼ਮੀਨ ਦੇ ਝਗੜੇ ਦਾ ਫ਼ੈਸਲਾ ਕਰਾਉਣ ਮਗਰੋਂ ਕਿਹਾ ਕਿ ਹੁਣ ਜੇ ਉਨ੍ਹਾਂ ਪਿਆਰ ਨਾਲ ਰਹਿਣਾ ਹੈ, ਤਾਂ ਕੋਈ ਕਿਸੇ ਨੂੰ ਪੁਰਾਣੀ ਗੱਲ ਨਾ ਚਿਤਾਰੇ ਕਿਉਂਕਿ 'ਖਿੱਦੋ ਫੋਲਿਆਂ ਲੀਰਾਂ ਹੀ ਨਿਕਲਣੀਆਂ ਹਨ ।'

**ਸਾਹਿਤ 4 : (ਪਾਠ-ਪੁਸਤਕ ਆਧਾਰਿਤ ਪ੍ਰਸ਼ਨ)**

**8 + 4 + 6 + 5 + 8 + 5 + 8 = 44**

**(Part-IV : Text Books based questions)**

**ਕਵਿਤਾਵਾਂ ਵਿੱਚੋਂ** **12**

**ਪ੍ਰਸ਼ਨ 6. ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ-** **3 + 5 = 8**

**ਸੌਂ ਗਈਆਂ ਹਵਾਵਾਂ ਰੋ-ਰੋ, ਕਰ ਵਾਰਤਾਲਾਪ ਨੀਂ,**
**ਤਾਰਿਆਂ ਨੂੰ ਚੜ੍ਹ ਗਿਆ, ਮੱਠਾ-ਮੱਠਾ ਤਾਪ ਨੀਂ।**
**ਜੰਜ ਸਾਹਵਾਂ ਦੀ ਦਾ ਰੁੱਸ ਗਿਆ ਲਾੜਾ,**
**ਨੀਂ ਪੀੜਾਂ ਦਾ ਪਰਾਗਾ ਭੁੰਨ ਦੇ, ਭੱਠੀ ਵਾਲੀਏ।**

**ਪ੍ਰਸੰਗ**—ਇਹ ਕਾਵਿ-ਟੋਟਾ 'ਲਾਜ਼ਮੀ ਪੰਜਾਬੀ-12' ਪਾਠ-ਪੁਸਤਕ ਵਿਚ ਦਰਜ ਸ਼ਿਵ ਕੁਮਾਰ 'ਬਟਾਲਵੀ' ਦੀ ਰਚਨਾ 'ਗੀਤ' ਵਿਚੋਂ ਲਿਆ ਗਿਆ ਹੈ । ਇਹ ਬਿਰਹੋਂ ਦੇ ਦੁੱਖਾਂ ਨਾਲ ਭਰਿਆ ਇਕ ਵਿਸ਼ਾਦ ਭਰਪੂਰ ਗੀਤ ਹੈ । ਇਸ ਵਿਚ ਕਵੀ ਆਪਣੀ ਮਰ ਚੁੱਕੀ ਪ੍ਰੇਮਿਕਾ ਦੇ ਵਿਛੋੜੇ ਦੇ ਦੁੱਖ ਤੇ ਹੋਣੀ ਦੁਆਰਾ ਦਿੱਤੀਆਂ ਜਾ ਰਹੀਆਂ ਪੀੜਾਂ ਨੂੰ ਡਾਢੇ ਵਿਸ਼ਾਦ ਭਰੇ ਭਾਵਾਂ ਵਿਚ ਗੁੰਨ੍ਹ ਕੇ ਪੇਸ਼ ਕਰਦਾ ਹੈ ।

**ਵਿਆਖਿਆ**—ਕਵੀ ਕਹਿੰਦਾ ਹੈ, ਹੇ ਮੇਰੀ ਭੱਠੀ ਵਾਲੀ ਰੂਪ ਹੋਣੀ ! ਮੈਨੂੰ ਤੇਰੇ ਕੋਲੋਂ ਪੀੜਾਂ ਰੂਪ ਦਾਣੇ ਭੁੰਨਾਉਣ ਆਇਆਂ ਬਹੁਤ ਦੇਰ ਹੋ ਗਈ ਹੈ । ਹੁਣ ਤਾਂ ਹਵਾਵਾਂ ਵੀ ਮੇਰੇ ਦੁਖੀ ਦਿਲ ਨੂੰ ਦੇਖ ਕੇ ਵਿਰਲਾਪ ਕਰਦੀਆਂ ਥੱਕ ਕੇ ਸੌਂ ਗਈਆਂ ਹਨ। ਮੇਰੇ ਦੁੱਖ ਕਾਰਨ ਤਾਰਿਆਂ ਨੂੰ ਮੱਠਾ-ਮੱਠਾ ਬੁਖ਼ਾਰ ਚੜ੍ਹ ਗਿਆ ਜਾਪਦਾ ਹੈ । ਮੇਰੇ ਸਾਹਾਂ ਦੀ ਜੰਞ ਦਾ ਲਾੜਾ ਵੀ ਗੁੱਸੇ

HOLY FAITH INTERNATIONAL PVT. LTD.

ਹੋ ਗਿਆ ਲਗਦਾ ਹੈ ; ਫਲਸਰੂਪ ਮੇਰੇ ਸਾਹ ਰੁਕ ਗਏ ਹਨ, ਮੌਤ ਨੇੜੇ ਆ ਗਈ ਹੈ । ਤੂੰ ਮੇਰਾ ਪੀੜਾਂ ਦਾ ਪਰਾਗਾ ਛੇਤੀ ਨਾਲ ਭੁੰਨ । ਮੈਂ ਤੈਨੂੰ ਹੰਝੂਆਂ ਦਾ ਭਾੜਾ ਦਿੰਦਾ ਹਾਂ, ਤਾਂ ਜੋ ਮੈਂ ਛੇਤੀ ਮੁੱਕ ਜਾਵਾਂ ।

***ਜਾਂ***

**ਦੁਧੀਆਂ ਨਾਲ ਪਲਮਦੇ ਬੱਚੇ, ਕੰਮੀ ਰੁੱਝੀਆਂ ਮਾਂਵਾਂ।**
**ਅੱਖਾਂ ਦੇ ਵਿੱਚ ਛਲਕਣ ਅੱਥਰੂ, ਹਿੱਕਾਂ ਦੇ ਵਿੱਚ ਆਹਾਂ।**
**ਬੋਕਿਆਂ ਵਰਗੇ ਪੇਟ ਉਹਨਾਂ ਦੇ, ਤੁੱਕਿਆਂ ਵਰਗੇ ਗਾਟੇ।**
**ਛਾਲੇ-ਛਾਲੇ ਹੱਥ ਉਹਨਾਂ ਦੇ, ਪੈਰ ਬਿਆਈਆਂ-ਪਾਟੇ।**

**ਪ੍ਰਸੰਗ**—ਇਹ ਕਾਵਿ-ਟੋਟਾ 'ਲਾਜ਼ਮੀ ਪੰਜਾਬੀ-12' ਪਾਠ-ਪੁਸਤਕ ਵਿਚ ਦਰਜ ਪ੍ਰੋ: ਮੋਹਨ ਸਿੰਘ ਦੀ ਲਿਖੀ ਹੋਈ ਕਵਿਤਾ 'ਤਾਜ ਮਹੱਲ' ਵਿਚੋਂ ਲਿਆ ਗਿਆ ਹੈ। ਇਸ ਕਵਿਤਾ ਵਿਚ ਕਵੀ ਨੇ ਚਾਨਣੀ ਰਾਤ ਵਿਚ ਤਾਜ ਮਹੱਲ ਦੀ ਰੋਮਾਨੀ ਸੁੰਦਰਤਾ ਦਾ ਬਿਆਨ ਕਰਨ ਦੇ ਨਾਲ ਇਸ ਦੇ ਇਤਿਹਾਸ ਦਾ ਵਰਣਨ ਵੀ ਕੀਤਾ ਹੈ। ਕਵੀ ਦੀਆਂ ਅੱਖਾਂ ਸਾਹਮਣੇ ਤਾਜ ਮਹੱਲ ਨੂੰ ਬਣਾਉਣ ਵਾਲੇ ਲੱਖਾਂ ਮਜ਼ਦੂਰਾਂ ਤੇ ਮਜ਼ਦੂਰਨੀਆਂ ਦਾ ਹੜ੍ਹ ਦਿਖਾਈ ਦਿੰਦਾ ਹੈ, ਜਿਨ੍ਹਾਂ ਦੀ ਭੁੱਖ ਤੇ ਦੁੱਖ ਦੀ ਪ੍ਰਵਾਹ ਕੀਤੇ ਬਿਨਾਂ ਉਨ੍ਹਾਂ ਤੋਂ ਜਬਰੀ ਕੰਮ ਲਿਆ ਜਾਂਦਾ ਸੀ। ਕਵੀ ਅਜਿਹੇ ਲੱਖਾਂ ਮਜ਼ਦੂਰਾਂ ਦੇ ਹੰਝੂਆਂ 'ਤੇ ਉਸਰੇ ਤਾਜ ਮਹੱਲ ਦੇ ਹੁਸਨ ਨੂੰ ਸੱਚਮੁੱਚ ਦਾ ਹੁਸਨ ਨਹੀਂ, ਸਗੋਂ ਇਕ ਧੋਖਾ ਕਰਾਰ ਦਿੰਦਾ ਹੈ।

**ਵਿਆਖਿਆ**—ਕਵੀ ਕਹਿੰਦਾ ਹੈ ਕਿ ਉਸ ਨੇ ਤਾਜ ਮਹੱਲ ਦੀ ਉਸਾਰੀ ਕਰਨ ਵਾਲੇ ਗ਼ਰੀਬ ਮਜ਼ਦੂਰਾਂ ਤੇ ਮਜ਼ਦੂਰਨੀਆਂ ਦੀ ਦਰਦਨਾਕ ਝਾਕੀ ਦੇਖੀ। ਉਹ ਦੇਖ ਰਿਹਾ ਸੀ ਕਿ ਮਾਂਵਾਂ ਕੰਮਾਂ ਵਿਚ ਰੁੱਝੀਆਂ ਹੋਈਆਂ ਸਨ ਤੇ ਉਨ੍ਹਾਂ ਦੀਆਂ ਦੁੱਧੀਆਂ ਨਾਲ ਬੱਚੇ ਚਿੰਬੜੇ ਹੋਏ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਛਲਕ ਰਹੇ ਸਨ ਤੇ ਹਿੱਕਾਂ ਵਿਚੋਂ ਹਉਕੇ ਨਿਕਲ ਰਹੇ ਸਨ। ਮਜ਼ਦੂਰਾਂ ਤੇ ਮਜ਼ਦੂਰਨੀਆਂ ਦੇ ਪੇਟ ਬੋਕਿਆਂ ਵਰਗੇ ਸਨ ਤੇ ਉਨ੍ਹਾਂ ਦੇ ਗਾਟੇ ਤੁੱਕਿਆਂ ਵਰਗੇ ਸਨ। ਉਨ੍ਹਾਂ ਦੇ ਹੱਥ ਛਾਲਿਆਂ ਨਾਲ ਭਰੇ ਹੋਏ ਸਨ ਤੇ ਪੈਰ ਬਿਆਈਆਂ ਨਾਲ ਪਾਟੇ ਹੋਏ ਸਨ।

**ਪ੍ਰਸ਼ਨ 7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ—** **4 × 1 = 4**

***(i)* ਚਸ਼ਮੇ, ਨਾਲੇ, ਨਦੀਆਂ ਕਿਸ ਤਰ੍ਹਾਂ ਜਾਪ ਕਰ ਰਹੇ ਹਨ ?**

(A) ਨਿੱਕੇ ਸਮੁੰਦਰਾਂ ਵਾਂਗ
(B) ਨਿੱਕੀਆਂ ਨਦੀਆਂ ਵਾਂਗ
(C) ਨਿੱਕੇ ਪਾਣੀ ਦੇ ਸਰੋਤ ਵਾਂਗ
(D) ਅਰਸ਼ੀ ਰਮਜ਼ ਵਾਂਗ।

**ਉੱਤਰ**—(A) ਨਿੱਕੇ ਸਮੁੰਦਰਾਂ ਵਾਂਗ ।

***(ii)* 'ਚੁੰਮ-ਚੁੰਮ ਰੱਖੋ' ਨਾਂ ਦੇ ਗੀਤ ਦੇ ਆਧਾਰ ਉੱਤੇ ਦੱਸੋ ਕਿ ਸਾਹਿਬਜ਼ਾਦਿਆਂ ਦੀ ਜੋੜੀ ਨੂੰ ਜੰਗ ਲਈ ਕਿਸ ਨੇ ਤੋਰਿਆ ?**

(A) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ
(B) ਮਾਤਾ ਗੁਜਰੀ ਜੀ ਨੇ
(C) ਮਾਤਾ ਸੁੰਦਰੀ ਜੀ ਨੇ
(D) ਮਾਤਾ ਜੀਤੋ ਜੀ ਨੇ ।

**ਉੱਤਰ**—(D) ਮਾਤਾ ਜੀਤੋ ਜੀ ਨੇ।

***(iii)* 'ਇਸ ਜ਼ਰਖੇਜ਼ ਜ਼ਮੀਨ ਦੇ ਲੂੰ-ਲੂੰ ਫੁੱਟਿਆ ਜ਼ਹਿਰ'; ਤੁੱਕ ਵਿੱਚ ਜਰਖੇਜ਼ ਸ਼ਬਦ ਦਾ ਕੀ ਅਰਥ ਹੈ ?**

(A) ਜ਼ਰਾ ਜਿਹੀ (B) ਕਤਲੇ-ਆਮ
(C) ਉਪਜਾਊ (D) ਮਿੱਟੀ।

**ਉੱਤਰ**—(C) ਉਪਜਾਊ।

***(iv)* 'ਮੇਰਾ ਬਚਪਨ' ਕਵਿਤਾ ਅਨੁਸਾਰ ਕਵੀ ਦਾ ਬਚਪਨ ਕਿਸ ਕਾਰਨ ਨਹੀਂ ਆਇਆ ?**

(A) ਪਿਤਾ ਦੀ ਮੌਤ ਕਾਰਨ
(B) ਸੰਸਾਰ ਕਾਰਨ
(C) ਮਾਂ ਦੇ ਕਾਰਨ
(D) ਭੈਣ-ਭਰਾਵਾਂ ਕਾਰਨ ।

**ਉੱਤਰ**—(A) ਪਿਤਾ ਦੀ ਮੌਤ ਕਾਰਨ।

**ਕਹਾਣੀਆਂ ਵਿੱਚੋਂ**

**6 + 5 + 8 = 19**

**ਪ੍ਰਸ਼ਨ 8. 'ਨੀਲੀ' ਕਹਾਣੀ ਦੇ ਪਾਤਰ 'ਗਵਾਲੇ' ਦੀ ਮਾਨਸਿਕ ਸਥਿਤੀ ਸਮਝਦੇ ਹੋਏ ਉਸ ਦੇ ਪਾਤਰ ਬਾਰੇ ਆਪਣੇ ਵਿਚਾਰ 125 ਤੋਂ 150 ਸ਼ਬਦਾਂ ਵਿੱਚ ਪ੍ਰਗਟ ਕਰੋ।** **6**

**ਉੱਤਰ**—'ਗੁਆਲਾ' ਨੀਲੀ ਕਹਾਣੀ ਦਾ ਇਕ ਪਾਤਰ ਹੈ । ਉਹ ਗਊਆਂ ਪਾਲਦਾ ਤੇ ਦੁੱਧ ਵੇਚਦਾ ਹੈ । ਉਹ ਲਾਲਚੀ ਹੈ ਤੇ ਨੀਲੀ ਤੋਂ ਬਹੁਤਾ ਦੁੱਧ ਪ੍ਰਾਪਤ ਕਰ ਕੇ ਵੇਚਣ ਦੇ ਲਾਲਚ ਵਿਚ ਉਹ ਉਸਦੀ ਵੱਛੀ ਲਈ ਦੁੱਧ ਛੱਡਣ ਵਲ ਧਿਆਨ ਨਹੀਂ ਸੀ ਦਿੰਦਾ । ਫਿਰ ਉਸਨੇ ਨੀਲੀ ਲਈ ਦੁੱਧ ਚੋਣ ਸਮੇਂ ਮਸਾਲਾ ਲਿਆਉਣਾ ਵੀ ਛੱਡ ਦਿੱਤਾ ਕਿਉਂਕਿ ਗਾਂ ਵੱਛੀ ਦੇ ਮੂੰਹ ਮਾਰਨ 'ਤੇ ਹੀ ਦੁੱਧ ਲਾਹ ਦਿੰਦੀ ਸੀ । ਕਹਾਣੀਕਾਰ ਤੇ ਉਸਦੀ ਪਤਨੀ ਵਲੋਂ ਸ਼ਕਾਇਤ ਕਰਨ ਉੱਤੇ ਉਹ ਕਹਿੰਦਾ ਸੀ ਕਿ ਉਸਨੇ ਉਸਦੇ ਚਾਰੇ ਦਾ ਵਕਤ ਬਦਲ ਦਿੱਤਾ ਹੈ । ਉਹ ਬਹਾਨੇਬਾਜ਼ ਵੀ ਬਹੁਤ ਹੈ ਤੇ ਕਹਿੰਦਾ ਹੈ ਕਿ ਗਾਂ ਵੱਛੀ ਲਈ ਦੁੱਧ ਛੁਪਾ ਲੈਂਦੀ ਹੈ । ਉਹ ਨੀਲੀ ਦੀ ਮਮਤਾ ਤੇ ਬੱਚੇ ਦੀ ਮੌਤ ਦੇ ਦੁੱਖ ਪ੍ਰਤੀ ਅਸੰਵੇਦਨਸ਼ੀਲ ਵਿਅਕਤੀ ਹੈ ਤੇ ਇਸ ਗੱਲ ਲਈ ਕਾਹਲਾ ਹੈ ਕਿ ਉਸਦਾ ਨੀਲੀ ਦੇ ਦੁੱਧ ਤੋਂ ਕਮਾਈ ਕਰਨ ਦਾ ਲਾਲਚ ਜਲਦੀ ਤੋਂ ਜਲਦੀ ਪੂਰਾ ਹੋ ਸਕੇ ।

***ਜਾਂ***

**ਤੁਹਾਡੇ ਵਿਚਾਰ ਅਨੁਸਾਰ 'ਘਰ ਜਾ ਆਪਣੇ' ਕਹਾਣੀ ਵਿੱਚ ਕਿਹੜੀ ਸਮਾਜਿਕ ਸਮੱਸਿਆ ਜਾਂ ਸਥਿਤੀ ਨੂੰ ਪ੍ਰਗਟਾਇਆ ਗਿਆ ਹੈ। ਉਸ ਬਾਰੇ 125 ਤੋਂ 150 ਸ਼ਬਦਾਂ ਵਿੱਚ ਆਪਣੀ ਰਾਇ ਦਿਓ।**

**ਉੱਤਰ**—'ਘਰ ਜਾ ਆਪਣੇ' ਕਹਾਣੀ ਦਾ ਉਦੇਸ਼ ਸਾਡੇ ਸਮਾਜ ਵਿਚ ਵਿਆਹ ਦੇ ਰੀਤੀ-ਰਿਵਾਜਾਂ ਦਾ ਮਹੱਤਵ ਦਰਸਾਉਣਾ ਹੈ । ਘਰ ਵਿਚ ਕਿਸੇ ਮੁੰਡੇ ਜਾਂ ਕੁੜੀ ਦਾ ਵਿਆਹ ਕਰਨ ਨਾਲ ਸਾਡੇ ਸਮਾਜ ਵਿਚ ਬਹੁਤ ਸਾਰੇ ਦੂਰ-ਨੇੜੇ ਦੇ ਰਿਸ਼ਤੇਦਾਰਾਂ ਨੂੰ ਮਿਲ ਕੇ ਬੈਠਣ ਤੇ ਕੰਮ ਕਰਨ ਦਾ ਮੌਕਾ ਮਿਲਦਾ ਹੈ । ਕੁੜੀ ਮੁੰਡੇ ਦੇ ਵਿਆਹ ਸਮੇਂ ਨਾਨਕੇ ਨਾਨਕੀ ਛੱਕ ਰਾਹੀਂ ਤੇ ਦੂਜੇ ਰਿਸ਼ਤੇਦਾਰ ਆਪਣੀ-ਆਪਣੀ ਸਮਰੱਥਾ ਅਨੁਸਾਰ ਚੀਜ਼ਾਂ ਦੇ ਕੇ ਇਸ ਨੂੰ ਇਕ ਸਾਂਝੇ ਸਮਾਗਮ ਦਾ ਰੂਪ ਦਿੰਦੇ ਹਨ । ਕੁੜੀ ਦੀ ਲਾੜ੍ਹੀ ਦੇ ਰੂਪ ਵਿਚ ਤਿਆਰੀ ਵਿਚ ਵੀ ਉਸਦੇ ਮਾਪੇ, ਨਾਨਕੇ ਅਤੇ ਸਹੁਰੇ ਗਹਿਣਿਆਂ ਤੇ ਕੱਪੜਿਆਂ ਨਾਲ ਆਪਣਾ-ਆਪਣਾ ਹਿੱਸਾ ਪਾਉਂਦੇ ਹਨ । ਆਨੰਦ ਕਾਰਜ ਰਾਹੀਂ, ਜਿੱਥੇ ਵਿਆਹ ਨੂੰ ਪ੍ਰਵਾਨਗੀ ਮਿਲਦੀ ਹੈ, ਉੱਥੇ ਭਾਈ ਜੀ ਲਾੜੀ ਨੂੰ ਗ੍ਰਿਹਸਤ ਜੀਵਨ ਨੂੰ ਸਹਿਜ ਬਣਾਉਣ ਦਾ ਉਪਦੇਸ਼ ਦਿੰਦੇ ਹਨ । ਲਾੜੀ ਨੂੰ ਤੋਰਨ ਸਮੇਂ ਸਾਰੇ ਰਿਸ਼ਤੇਦਾਰ ਸਲਾਮੀਆਂ ਦੇ ਕੇ ਉਸਨੂੰ ਵਿਦਾ ਕਰਦੇ ਹਨ । ਇਸ ਸਮੇਂ ਸਾਡੇ ਸਮਾਜ ਦੀ ਰੀਤ ਅਨੁਸਾਰ ਨਵੇਂ ਘਰ ਤੇ ਨਵੇਂ ਲੋਕਾਂ ਵਿਚ ਜਾ ਰਹੀ ਧੀ ਦੇ ਨਾਲ ਪਹਿਲੇ ਦਿਨ ਉਸਦੇ ਭਰਾ ਦਾ ਜਾਣਾ ਵੀ ਉਸਦਾ ਹੌਂਸਲਾ ਵਧਾਉਣ ਵਾਲੀ ਇਕ ਮਹੱਤਵਪੂਰਨ ਰੀਤ ਹੈ । ਇਸੇ ਗੱਲ ਨੂੰ ਮਹਿਸੂਸ ਕਰਦਿਆਂ ਹੀ ਅਨਜਾਣ ਕੁੜੀ ਨਾਲ ਵਿਆਹ ਤੋਂ ਡਰਨ ਵਾਲਾ ਜੀਤੋ ਦਾ ਵੀਰ ਅਨਜਾਣ ਘਰ ਵਿਚ ਅਨਜਾਣ ਬੰਦੇ ਨਾਲ ਜੀਵਨ ਗੁਜ਼ਾਰਨ ਲਈ ਜਾ ਰਹੀ ਆਪਣੀ ਭੈਣ ਨਾਲ ਜਾਣ ਲਈ ਤਿਆਰ ਹੋ

HOLY FAITH INTERNATIONAL (P) LTD.

ਜਾਂਦਾ ਹੈ, ਜਦਕਿ ਪਹਿਲਾਂ ਉਹ ਕਿਸੇ ਦੇ ਕਹਿਣ 'ਤੇ ਵੀ ਇਹ ਰੀਤ ਨਿਭਾਉਣ ਲਈ ਤਿਆਰ ਨਹੀਂ ਸੀ ਹੋਇਆ । ਇਸ ਤਰ੍ਹਾਂ ਭਾਵਾਂ ਦੀ ਸਾਂਝ ਨਾਲ ਦਾ ਇਕ ਦੂਜੇ ਪ੍ਰਤੀ ਨੇੜਤਾ ਤੇ ਪਿਆਰ ਦਾ ਪੀਡੇ ਹੋਣਾ ਵੀ ਇਸ ਕਹਾਣੀ ਦਾ ਉਦੇਸ਼ ਹੈ ।

ਇਸ ਪ੍ਰਕਾਰ ਇਸ ਕਹਾਣੀ ਦਾ ਵਿਸ਼ਾ ਸਮਾਜਿਕ ਰੀਤਾਂ ਦਾ ਮਹੱਤਵ ਹੈ ।

**ਪ੍ਰਸ਼ਨ 9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— 5 × 1 = 5**

***(i)*** **'ਬੁੱਢੀ ਮਾਈ' ਦੇ ਥੈਲੇ ਵਿੱਚ ਕਿਸ ਤਰ੍ਹਾਂ ਦਾ ਖੇਸ ਸੀ ?**

(A) ਡੱਬੀਦਾਰ (B) ਚਿੱਟਾ

(C) ਅਸਮਾਨੀ (D) ਨਵਾਂ।

**ਉੱਤਰ**— (A) ਡੱਬੀਦਾਰ ।

***(ii)*** **ਗਵਾਲਾ ਗਾਂ ਦੀ ਧਾਰ ਕਿਸ ਭਾਂਡੇ ਵਿੱਚ ਕੱਢਦਾ ਸੀ ?**

(A) ਬਾਲਟੀ ਵਿੱਚ (B) ਗਾਗਰ ਵਿੱਚ

(C) ਡੋਲੂ ਵਿੱਚ (D) ਜੱਗ ਵਿੱਚ।

**ਉੱਤਰ**—(B) ਗਾਗਰ ਵਿੱਚ ।

***(iii)*** **ਜੀਤੋ ਦੇ ਵਿਆਹ ਸਮੇਂ ਉਸ ਦੀ ਉਮਰ ਕਿੰਨੀ ਸੀ ?**

(A) ਪੰਜੀ ਸਾਲ (B) ਵੀਹ ਸਾਲ

(C) ਸਤਾਰਾਂ ਸਾਲ (D) ਇੱਕੀ ਸਾਲ।

**ਉੱਤਰ**—(C) ਸਤਾਰਾਂ ਸਾਲ।

***(iv)*** **'ਮਾੜਾ ਬੰਦਾ' ਕਹਾਣੀ ਵਿੱਚ ਲੇਖਕ ਅਤੇ ਰਿਕਸ਼ੇ ਵਾਲਾ ਕਿਹੜੇ ਵਰਗ ਨਾਲ ਸੰਬੰਧਿਤ ਦਰਸਾਏ ਗਏ ਹਨ ?**

(A) ਨਿਮਨ, ਮੱਧ ਵਰਗ

(B) ਮੱਧ, ਨਿਮਨ ਵਰਗ

(C) ਅਮੀਰ ਅਤੇ ਸਰਮਾਏਦਾਰ

(D) ਇਹਨਾਂ ਵਿੱਚੋਂ ਕੋਈ ਨਹੀਂ।

**ਉੱਤਰ**—(B) ਮੱਧ, ਨਿਮਨ ਵਰਗ।

***(v)*** **'ਸਾਂਝ' ਕਹਾਣੀ ਅਨੁਸਾਰ ਸਵੇਰ ਹੁੰਦੇ ਹੀ 'ਰਸ' ਦੀ ਮੰਗ ਕੌਣ ਕਰਦਾ ਹੈ ?**

(A) ਬੁੱਢੀ (B) ਸਾਈਕਲ ਸਵਾਰ

(C) ਪ੍ਰੋ. ਮਲ੍ਹੋਤਰਾ (D) ਦਿਨੇਸ਼।

**ਉੱਤਰ**—(D) ਦਿਨੇਸ਼।

***(vi)*** **ਪ੍ਰੋਫ਼ੈਸਰ ਨੇ ਬੁੱਢੀ ਮਾਈ ਨੂੰ ਕਿੱਥੇ ਤੱਕ ਲੈ ਜਾਣ ਦਾ ਉਸਦਾ ਤਰਲਾ ਮੰਨ ਲਿਆ ?**

(A) ਸ਼ਹਿਰ ਤੱਕ

(B) ਆਪਣੇ ਘਰ ਤੱਕ

(C) ਉਸ ਦੇ ਪਿੰਡ ਤੱਕ

(D) ਗੁਰਦੁਆਰੇ ਤੱਕ।

**ਉੱਤਰ**—(A) ਸ਼ਹਿਰ ਤੱਕ ।

**ਪ੍ਰਸ਼ਨ 10. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ— 4 × 2 = 8**

***(i)*** **ਤੁਹਾਡੇ ਵਿਚਾਰ ਅਨੁਸਾਰ 'ਸਾਂਝ' ਕਹਾਣੀ ਵਿੱਚ ਕਿਹੜੀ ਸਾਂਝ ਦਾ ਜ਼ਿਕਰ ਆਇਆ ਹੈ ?**

***(ii)*** **ਕੀ ਗਵਾਲੇ ਦਾ ਲੇਖਕ ਦੀ ਪਤਨੀ ਨੂੰ ਵੱਛੀ ਲਈ ਦੁੱਧ ਨਾ ਛੱਡਣ ਬਾਰੇ ਕਹਿਣਾ ਠੀਕ ਸੀ ? ਆਪਣੇ ਉੱਤਰ ਦੀ ਪੁਸ਼ਟੀ ਕਰੋ।**

***(iii)*** **ਜੇਠ ਦੀ ਧੁੱਪ ਕਾਰਨ ਸੜਕ ਦੀ ਹਾਲਤ ਕਿਹੋ ਜਿਹੀ ਸੀ ?**

***(iv)*** **ਜੀਤੋ ਦੇ ਵੀਰ ਦਾ ਗੱਚ ਕਿਸ ਗੱਲ ਕਰਕੇ ਭਰ ਆਇਆ ? ਕਹਾਣੀ ਦੇ ਆਧਾਰ 'ਤੇ ਆਪਣੀ ਟਿੱਪਣੀ ਦਰਜ ਕਰੋ।**

***(v)*** **ਲੇਖਕ ਦੀ ਪਤਨੀ ਰਿਕਸ਼ੇ ਵਾਲੇ ਦੀ ਵਕਾਲਤ ਕਿਵੇਂ ਕਰਦੀ ਹੈ ?**

**ਉੱਤਰ**—*(i)* ਇਸ ਕਹਾਣੀ ਵਿਚ ਮਨੁੱਖ ਦੇ ਅੰਦਰ ਦੁਖੀ ਤੇ ਮੁਹਤਾਜ ਆਦਮੀ ਲਈ ਸੰਵੇਦਨਸ਼ੀਲਤਾ ਤੇ ਹਮਦਰਦੀ ਦੀ ਸਾਂਝ ਦਾ ਜ਼ਿਕਰ ਆਇਆ ਹੈ ।

*(ii)* ਗਵਾਲੇ ਦਾ ਲੇਖਕ ਦੀ ਪਤਨੀ ਵੱਛੀ ਲਈ ਦੁੱਧ ਨਾ ਛੱਡਣ ਬਾਰੇ ਕਹਿਣਾ ਠੀਕ ਨਹੀਂ ਸੀ ਕਿਉਂਕਿ ਅਸਲ ਵਿਚ ਉਹ ਵੱਛੀ ਦਾ ਦੁੱਧ ਖੋਹ ਕੇ ਵੇਚਣਾ ਤੇ ਪੈਸੇ ਕਮਾਉਣਾ ਚਾਹੁੰਦਾ ਸੀ। ਉਹ ਆਪਣੇ ਇਸੇ ਲਾਲਚ ਦੀ ਪੂਰਤੀ ਲਈ ਲੇਖਕ ਦੀ ਪਤਨੀ ਨੂੰ ਝੂਠ ਕਹਿੰਦਾ ਹੈ ਕਿ ਨੀਲੀ ਆਪਣੀ ਵੱਛੀ ਲਈ ਦੁੱਧ ਛੁਪਾ ਲੈਂਦੀ ਹੈ। ਇਸੇ ਕਾਰਨ ਉਸ ਨੇ ਵੱਛੀ ਨੂੰ ਦੁੱਧ ਨਾ ਮਿਲਿਆ ਤੇ ਉਹ ਮਰ ਗਈ।

*(iii)* ਜੇਠ ਦੀ ਧੁੱਪ ਕਾਰਨ ਗਰਮੀ ਬਹੁਤ ਸੀ, ਜਿਸ ਨਾਲ ਕਈ ਥਾਂਵਾਂ ਤੇ ਸੜਕ ਦੀ ਲੁੱਕ ਪਿਘਲੀ ਹੋਈ ਸੀ। ਕੰਢਿਆਂ ਉੱਤੇ ਲੁੱਕ ਵਧੇਰੇ ਪਿਘਲੀ ਹੋਈ। ਪਿਘਲੀ ਹੋਈ ਲੁੱਕ ਸਾਈਕਲ ਦੇ ਪਹੀਆਂ ਨੂੰ ਚਿੰਬੜਦੀ ਜਾ ਰਹੀ ਸੀ। ਕਿਤੇ-ਕਿਤੇ ਉੱਚੇ ਦਰਖਤਾਂ ਦੀ ਠੰਢੀ ਛਾਂ ਵੀ ਸੀ।

*(iv)* ਸਹੁਰੇ-ਘਰ ਵਿਚ ਜੀਤੋ ਦੀ ਸਥਿਤੀ ਬਾਰੇ ਸੋਚ ਕੇ ।

*(v)* ਕਹਾਣੀਕਾਰ ਦੀ ਪਤਨੀ ਰਿਕਸ਼ੇ ਵਾਲੇ ਨੂੰ ਬਾਹਰ ਖੜ੍ਹਾ ਦੇਖ ਕੇ ਅੰਦਰੋਂ ਡਰਦੀ ਹੋਈ ਉਸਨੂੰ ਮਗਰੋਂ ਲਾਹੁਣ ਲਈ ਉਸਦੀ ਵਕਾਲਤ ਕਰਦੀ ਹੋਈ ਆਪਣੇ ਪਤੀ ਨੂੰ ਕਹਿੰਦੀ ਹੈ ਕਿ ਉਹ ਤਿੰਨ ਰੁਪਏ ਹੀ ਮੰਗਦਾ ਹੈ, ਦੇ ਦਿਓ ਕਿਉਂਕਿ ਪੈਸੇ ਡਿਗ ਵੀ ਪੈਂਦੇ ਹਨ, ਬੱਚਿਆਂ ਉੱਤੇ ਵੀ ਖ਼ਰਚ ਹੋ ਜਾਂਦੇ ਤੇ ਕਿੰਨੇ ਪੈਸੇ ਉਹ ਐਵੇਂ ਹੀ ਰੋੜ੍ਹ ਦਿੰਦੇ ਹਨ ।

### ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ

**ਪ੍ਰਸ਼ਨ 11. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— 5 × 1 = 5**

***(i)*** **ਮੇਲੇ ਤੇ ਤਿਉਹਾਰ ਕਿਸ ਚੀਜ਼ ਦੇ ਸਮੂਹਿਕ ਵਸੀਲੇ ਹਨ ?**

(A) ਮਨ ਪਰਚਾਵੇ ਤੇ ਮੇਲ ਜੋਲ

(B) ਦੁਸ਼ਮਣੀਆਂ ਕੱਢਣ

(C) ਲੜਾਈ-ਝਗੜਾ

(D) ਹਮਦਰਦੀ ਲਈ।

**ਉੱਤਰ**—(A) ਮਨ ਪਰਚਾਵੇ ਤੇ ਮੇਲ ਜੋਲ।

***(ii)*** **ਉਹ ਕਿਹੜੀ ਲੋਕ-ਖੇਡ ਹੈ ਜੋ ਕ੍ਰਿਕਟ ਵਿੱਚ ਜਾ ਸਮੋਈ ਹੈ ?**

(A) ਖਿੱਦੋ-ਖੂੰਡੀ (B) ਲੂਣ ਤੇਲ ਲਲ੍ਹੇ

(C) ਅੱਡੀ ਛੜੱਪਾ (D) ਸ਼ੱਕਰ ਭਿੱਜੀ।

**ਉੱਤਰ**—(B) ਲੂਣ ਤੇਲ ਲਲ੍ਹੇ।

***(iii)*** **ਰਸਮ ਰਿਵਾਜ਼ ਸਾਡੀ ਕਿਸ ਚੀਜ਼ ਦੀ ਤਰਜ਼ਮਾਨੀ ਕਰਦੇ ਹਨ ?**

(A) ਵਿਆਹ ਦੇ ਮੌਕੇ ਦੀ

(B) ਬ੍ਰਹਮਚਰਜ ਦੀ

(C) ਸਾਡੇ ਜਜ਼ਬਿਆਂ ਦੀ

(D) ਕੁੜਮਾਈ ਦੀ।

**ਉੱਤਰ**—(C) ਸਾਡੇ ਜਜ਼ਬਿਆਂ ਦੀ।

***(iv)*** **ਕਿਹੜਾ ਲੋਕ-ਨਾਚ ਪ੍ਰਾਚੀਨ ਕਾਲ ਤੋਂ ਸੂਫ਼ੀਆਂ-ਸੰਤਾਂ ਦੇ ਡੇਰਿਆਂ 'ਤੇ ਨੱਚਿਆ ਜਾਂਦਾ ਰਿਹਾ ਹੈ ?**

(A) ਸੰਮੀ (B) ਝੂੰਮਰ

(C) ਲੁੱਡੀ (D) ਧਮਾਲ।

**ਉੱਤਰ**—(D) ਧਮਾਲ।

HOLY FAITH INTERNATIONAL (P) LTD.

**(*v*) ਮੁੰਡੇ ਦੇ ਘੋੜੀ ਚੜ੍ਹਨ ਸਮੇਂ ਘੋੜੀ ਦੀ ਵਾਗ ਕੌਣ ਫੜ੍ਹਦਾ ਹੈ ?**

(A) ਭੈਣ (B) ਮਾਮੀ

(C) ਭਰਜਾਈ (D) ਚਾਚੀ।

**ਉੱਤਰ**—(A) ਭੈਣ।

**ਪ੍ਰਸ਼ਨ 12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 60 ਤੋਂ 70 ਸ਼ਬਦਾਂ ਵਿੱਚ ਲਿਖੋ— 2 × 4 = 8**

**(*i*) ਪੰਜਾਬ ਦੇ ਮੁੱਖ ਮੌਸਮੀ ਮੇਲੇ ਕਿਹੜੇ ਹਨ ? ਇਹਨਾਂ ਵਿਚੋਂ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ।**

**(*ii*) ਪੰਜਾਬ ਦੇ ਲੋਕ ਨਾਚਾਂ ਦੀ ਪਰੰਪਰਾ ਜਾਂ ਪ੍ਰਾਚੀਨਤਾ ਦਾ ਕਿਵੇਂ ਪਤਾ ਲੱਗਦਾ ਹੈ ?**

**(*iii*) 'ਅੱਡੀ-ਛੜੱਪਾ ਜਾਂ ਅੱਡੀ ਟੱਪਾ' ਖੇਡ ਬਾਰੇ ਤੁਸੀਂ ਕੀ ਜਾਣਦੇ ਹੋ— ਦਲੀਲਾਂ ਸਹਿਤ ਆਪਣੀ ਗੱਲ ਸਪੱਸ਼ਟ ਕਰੋ।**

**ਉੱਤਰ—(*i*)** ਬਸੰਤ-ਪੰਚਮੀ, ਹੋਲੀ, ਹੋਲਾ-ਮਹੱਲਾ, ਵਿਸਾਖੀ ਤੇ ਤੀਆਂ ਆਦਿ ਪੰਜਾਬ ਦੇ ਮੁੱਖ ਮੌਸਮੀ ਮੇਲੇ ਹਨ ।

ਇਨ੍ਹਾਂ ਵਿਚੋਂ ਬਸੰਤ-ਪੰਚਮੀ ਦਾ ਮੇਲਾ ਬਸੰਤ ਰੁੱਤ ਦੇ ਆਰੰਭ ਹੋਣ ਦੀ ਖ਼ੁਸ਼ੀ ਵਿਚ ਮਨਾਇਆ ਜਾਂਦਾ ਹੈ । ਇਸ ਦਿਨ ਥਾਂ-ਥਾਂ 'ਤੇ ਨਿੱਕੇ-ਵੱਡੇ ਮੇਲੇ ਲਗਦੇ ਹਨ । ਇਨ੍ਹਾਂ ਦਿਨਾਂ ਵਿਚ ਲੋਕ ਬਸੰਤੀ ਕੱਪੜੇ ਪਾਉਂਦੇ ਅਤੇ ਬਸੰਤੀ ਹਲਵਾ ਬਣਾਉਂਦੇ ਹਨ । ਪਟਿਆਲੇ ਤੇ ਛੇਹਰਟੇ ਦੇ ਬਸੰਤ-ਪੰਚਮੀ ਦੇ ਮੇਲੇ ਬਹੁਤ ਪ੍ਰਸਿੱਧ ਹਨ । ਵੰਡ ਤੋਂ ਪਹਿਲਾਂ ਲਾਹੌਰ ਵਿਚ ਹਕੀਕਤ ਰਾਇ ਧਰਮੀ ਦੀ ਸਮਾਧ 'ਤੇ ਬੜਾ ਭਾਰੀ ਮੇਲਾ ਲਗਦਾ ਸੀ ।

**(*ii*)** ਪੰਜਾਬ ਵਿਚ ਲੋਕ-ਨਾਚਾਂ ਦੀ ਪ੍ਰਾਚੀਨਤਾ ਦਾ ਪਤਾ 5000 ਪੂ: ਈ: ਤੋਂ ਇਸ ਪਰੰਪਰਾ ਦੇ ਕਾਇਮ ਹੋਣ ਦੇ ਪ੍ਰਮਾਣ ਮਿਲਣ ਤੋਂ ਲਗਦਾ ਹੈ । ਇਨ੍ਹਾਂ ਦਾ ਵਰਗੀਕਰਨ ਦੋ ਪੱਧਰਾਂ ਤੇ ਕੀਤਾ ਜਾ ਸਕਦਾ ਹੈ—

(*i*) ਇਸਤਰੀਆਂ ਦੇ ਲੋਕ-ਨਾਚ

(*ii*) ਮਰਦਾਂ ਦੇ ਲੋਕ ਨਾਚ ।

**(*iii*)** ਅੱਡੀ-ਛੜੱਪਾ ਜਾਂ ਅੱਡੀ-ਟੱਪਾ ਕੁੜੀਆਂ ਦੀ ਖੇਡ ਹੈ, ਜਿਸ ਵਿਚ ਉਹ ਦੋ ਟੋਲੀਆਂ ਬਣਾ ਕੇ ਖੇਡਦੀਆਂ ਹਨ । ਹਰ ਟੋਲੀ ਵਿਚ ਚਾਰ-ਪੰਜ ਕੁੜੀਆਂ ਹੁੰਦੀਆਂ ਹਨ । ਇਸ ਰਾਹੀਂ ਕੁੜੀਆਂ ਨੂੰ ਦੌੜਨ, ਉੱਚੀ ਛਾਲ ਮਾਰਨ ਤੇ ਸਰੀਰਕ ਤਾਕਤ ਨੂੰ ਜ਼ਬਤ ਵਿਚ ਰੱਖਣ ਦਾ ਅਭਿਆਸ ਪ੍ਰਾਪਤ ਹੁੰਦਾ ਹੈ ।

HOLY FAITH INTERNATIONAL (P) LTD.

HOLY FAITH INTERNATIONAL (P) LTD.

# ਉੱਤਰ ਕੁੰਜੀ—ਮਾਡਲ ਟੈੱਸਟ ਪੇਪਰ

## ਨਿਊ ਸਟਾਈਲ ਮਾਡਲ ਟੈੱਸਟ ਪੇਪਰ—1

**1. ਉੱਤਰ—**

***(i)*** (ੳ) ਨਜ਼ਰ ਲੱਗਣ ਦਾ ।
***(ii)*** (ਸ) ਦੁੱਧ-ਪੁੱਤ ਦਾ ।
***(iii)*** (ੳ) ਪਰਦਾ ।
***(iv)*** (ਅ) ਢੱਕ ਦਿੱਤਾ ਜਾਂਦਾ ਹੈ ।
***(v)*** (ਅ) ਘਟੀਆ ।
***(vi)*** (ਅ) ਦੋ ।
***(vii)*** (ੳ) ਨਜ਼ਰ ਤੋਂ ਬਚਾਉਣ ਲਈ ।
***(viii)*** (ਅ) ਨਜ਼ਰ ਦਾ ਵਿਸ਼ਵਾਸ ।

**2. ਉੱਤਰ—**

ਸਰਮਸਤਪੁਰ,
ਜ਼ਿਲ੍ਹਾ ਜਲੰਧਰ ।
ਹਵਾਲਾ ਨੰਃ 315, ਮਿਤੀ 10 ਸਤੰਬਰ, 20.....

ਕ੍ਰਿਸ਼ੀ ਅਫ਼ਸਰ ਸਾਹਿਬ,
ਕ੍ਰਿਸ਼ੀ ਵਿਗਿਆਨ ਕੇਂਦਰ,
ਨਕੋਦਰ ਰੋਡ,
ਨੂਰ ਮਹਿਲ,
ਜ਼ਿਲ੍ਹਾ ਜਲੰਧਰ ।

**ਵਿਸ਼ਾ**—ਖੇਤੀਬਾੜੀ ਸਹਾਇਕ ਧੰਦਿਆਂ ਦੀ ਸਿਖਲਾਈ ਸੰਬੰਧੀ ਕੋਰਸ ਬਾਰੇ ਜਾਣਕਾਰੀ ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਬੀ.ਐੱਸ.ਸੀ. ਪਾਸ ਹਾਂ । ਮੇਰੇ ਕੋਲ ਵਿਰਾਸਤ ਵਿਚੋਂ ਪ੍ਰਾਪਤ ਹੋਈ 25 ਏਕੜ ਜ਼ਮੀਨ ਹੈ । ਮੇਰੇ ਪਿਤਾ ਜੀ ਉਸ ਜ਼ਮੀਨ ਉੱਤੇ ਰਵਾਇਤੀ ਫ਼ਸਲਾਂ ਹੀ ਬੀਜਦੇ ਆ ਰਹੇ ਹਨ, ਜਿਨ੍ਹਾਂ ਵਿਚ ਕਣਕ ਤੋਂ ਇਲਾਵਾ ਝੋਨਾ ਪ੍ਰਮੁੱਖ ਹੈ, ਜਿਸ ਨਾਲ ਇਕ ਤਾਂ ਧਰਤੀ ਹੇਠਲਾ ਪਾਣੀ ਬਹੁਤ ਥੱਲੇ ਜਾ ਰਿਹਾ ਹੈ, ਦੂਸਰੇ ਇਨ੍ਹਾਂ ਫ਼ਸਲਾਂ ਉੱਤੇ ਖ਼ਰਚੇ ਦਿਨੋ-ਦਿਨ ਵਧ ਰਹੇ ਹਨ, ਜਿਸ ਕਰਕੇ ਨਿਰਾ ਰਵਾਇਤੀ ਫ਼ਸਲਾਂ ਪੈਦਾ ਕਰਨਾ ਲਾਹੇਵੰਦ ਧੰਦਾ ਨਹੀਂ ਰਿਹਾ । ਇਸ ਲਈ ਮੈਂ ਖੇਤੀਬਾੜੀ ਦੇ ਸਹਾਇਕ ਧੰਦਿਆਂ ; ਜਿਵੇਂ—ਡੇਅਰੀ-ਫ਼ਾਰਮਿੰਗ, ਪੋਲਟਰੀ ਫਾਰਮਿੰਗ, ਫਲੋਰੀ ਕਲਚਰ, ਮਧੂ ਮੱਖੀ ਪਾਲਣ, ਮੱਛੀ-ਪਾਲਣ, ਆਰਗੈਨਿਕ ਖੇਤੀ, ਆਰਗੈਨਿਕ ਖਾਦ, ਦੇਸੀ ਕੀਟਨਾਸ਼ਕ ਦੇ ਉਤਪਾਦਨ, ਮਾਰਕੀਟਿੰਗ ਆਦਿ ਵਿਚੋਂ ਕਿਸੇ ਸੰਬੰਧੀ ਸਿਖਲਾਈ ਦੇਣ ਵਾਲਾ ਕੋਈ ਕੋਰਸ ਕਰਨਾ ਚਾਹੁੰਦਾ ਹਾਂ । ਕਿਰਪਾ ਕਰਕੇ ਆਪ ਮੈਨੂੰ ਇਹ ਜਾਣਕਾਰੀ ਦੇਣ ਦੀ ਖੇਚਲ ਕਰੋ ਕਿ ਇਹ ਕੋਰਸ ਕਿੱਥੇ ਤੇ ਇਹੋ ਜਿਹੇ ਹੋਰ ਕੋਰਸ ਕਿੱਥੇ, ਕਿਸ ਸਮੇਂ ਤੇ ਕਿੰਨੇ ਚਿਰ ਵਿਚ ਕਰਾਏ ਜਾਂਦੇ ਹਨ ਤੇ ਇਨ੍ਹਾਂ ਦੀ ਫੀਸ ਕਿੰਨੀ ਹੈ । ਇਹ ਗੱਲ ਬਹੁਤ ਹੀ ਲਾਹੇਵੰਦ ਰਹੇਗੀ, ਜੇਕਰ ਆਪ ਮੈਨੂੰ ਇਹ ਸਲਾਹ ਦੇ ਸਕੋ ਕਿ ਮੇਰੇ ਇਲਾਕੇ ਤੇ ਯੋਗਤਾ ਅਨੁਸਾਰ ਮੈਨੂੰ ਕਿਹੜੇ ਕੋਰਸ ਵਿਚ ਸਿਖਲਾਈ ਪ੍ਰਾਪਤ ਕਰਨੀ ਚੰਗੀ ਰਹੇਗੀ । ਆਸ ਹੈ ਕਿ ਆਪ ਜਲਦੀ ਤੋਂ ਜਲਦੀ ਮੇਰੇ ਪੱਤਰ ਦਾ ਉੱਤਰ ਦਿਓਗੇ ।

ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,
ਗੁਰਕੀਰਤ ਸਿੰਘ ।
ਮੋਬਾਈਲ..............

***ਜਾਂ***

**ਉੱਤਰ—**

1208, ਸੈਕਟਰ 8, ਫੇਜ਼ II,
ਸਾਹਿਬਜ਼ਾਦਾ ਅਜੀਤ ਸਿੰਘ ਨਗਰ ।
ਹਵਾਲਾ ਨੰਃ 512, ਮਿਤੀ 6 ਅਪਰੈਲ, 20........

ਮੈਨੇਜਰ ਸਾਹਿਬ,
ਸੰਗਮ ਕੰਪਿਊਟਰਜ਼,
ਸਾਹਿਬਜ਼ਾਦਾ ਅਜੀਤ ਸਿੰਘ ਨਗਰ ।

**ਵਿਸ਼ਾ**—ਨਵੇਂ ਖ਼ਰੀਦੇ ਕੰਪਿਊਟਰ ਵਿਚ ਖ਼ਰਾਬੀ ਸੰਬੰਧੀ ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਆਪਣੇ ਕੈਫ਼ੇ ਲਈ ਆਪ ਦੀ ਫ਼ਰਮ ਤੋਂ 4 ਅਪਰੈਲ, 20.... ਨੂੰ ਐੱਚ.ਪੀ. ਕੰਪਿਊਟਰ 32000 ਰੁਪਏ ਅਦਾ ਕਰ ਕੇ ਖ਼ਰੀਦਿਆ ਸੀ, ਜਿਸ ਦੇ ਬਿੱਲ ਦੀ ਕਾਪੀ ਮੈਂ ਇਸ ਪੱਤਰ ਦੇ ਨਾਲ ਭੇਜ ਰਿਹਾ ਹਾਂ । ਇਸ ਕੰਪਿਊਟਰ ਦੇ ਸੀ.ਪੀ.ਯੂ. ਵਿਚ ਕੋਈ ਨੁਕਸ ਪ੍ਰਤੀਤ ਹੁੰਦਾ ਹੈ, ਜਿਸ ਕਰਕੇ ਇਹ ਬਹੁਤ ਹੀ ਹੌਲੀ-ਹੌਲੀ ਖੁੱਲ੍ਹਦਾ ਹੈ । ਇਸ ਉੱਤੇ ਕੋਈ ਵੀ ਕੰਮ ਕਰੋ, ਵਰਡ ਖੋਲ੍ਹੋ, ਚਾਹੇ ਕੋਰਲ ਜਾਂ ਇੰਟਰਨੈੱਟ, ਇਸ ਉੱਤੇ ਬਹੁਤ ਹੌਲੀ-ਹੌਲੀ ਖੁੱਲ੍ਹਦੇ ਹਨ । ਦੋ-ਤਿੰਨ ਵਾਰੀ ਇਹ ਅਚਾਨਕ ਹੀ ਬੰਦ ਵੀ ਹੋ ਗਿਆ ਹੈ । ਅਜਿਹੇ ਨੁਕਸ ਕੈਫ਼ੇ ਵਿਚ ਚਲਦੇ ਪੁਰਾਣੇ ਕੰਪਿਊਟਰਾਂ ਵਿਚ ਵੀ ਨਹੀਂ । ਕਿਰਪਾ ਕਰਕੇ ਆਪ ਆਪਣੇ ਮਕੈਨਿਕ ਨੂੰ ਭੇਜ ਕੇ ਇਹ ਨੁਕਸ ਜਲਦੀ ਤੋਂ ਜਲਦੀ ਠੀਕ ਕਰਵਾਓ ਜਾਂ ਇਸ ਸੈੱਟ ਨੂੰ ਹੀ ਬਦਲ ਦਿਓ ।

ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,
ਅਰਸ਼ਦੀਪ ਸਿੰਘ ।
ਮੋਬਾਈਲ ..............

HOLY FAITH INTERNATIONAL (P) LTD.

**3. ਉੱਤਰ–**

## ਕਿੱਤੇ ਦੀ ਚੋਣ

ਅੱਜ ਦੇ ਯੁਗ ਵਿਚ ਮਨੁੱਖ ਲਈ ਕਿੱਤੇ ਦੀ ਚੋਣ ਇਕ ਮਹੱਤਵਪੂਰਨ ਸਮੱਸਿਆ ਹੈ । ਵਿਗਿਆਨਿਕ, ਸਨਅਤੀ ਅਤੇ ਤਕਨੀਕੀ ਯੁਗ ਤੋਂ ਪਹਿਲਾਂ ਮਨੁੱਖ ਦਾ ਕਿੱਤਾ ਜਾਂ ਕੰਮ, ਜਿਸ ਦੇ ਸਹਾਰੇ ਉਸਨੇ ਆਪਣੀਆਂ ਸਾਰੀਆਂ ਲੋੜਾਂ ਪੂਰੀਆਂ ਕਰਨੀਆਂ ਹੁੰਦੀਆਂ ਸਨ, ਆਮ ਕਰਕੇ ਪਿਤਾ-ਪੁਰਖੀ ਕਿੱਤੇ ਜਾਂ ਕੰਮ ਉੱਤੇ ਹੀ ਆਧਾਰਿਤ ਹੁੰਦਾ ਸੀ । ਇਸ ਤੋਂ ਇਧਰ-ਉਧਰ ਭਟਕਣ ਵਾਲੇ ਬੰਦੇ ਨੂੰ ਸਮਝਾਉਣ ਲਈ ਹੀ ਸ਼ਾਇਦ ਇਹ ਅਖਾਣ ਬਣਿਆ ਹੈ, 'ਓੜਕ ਬੱਚਾ ਮੂਲਿਆ, ਤੂੰ ਹੱਟੀ ਬਹਿਣਾ।' ਇਸ ਬੀਤੇ ਕਾਲ ਵਿਚ ਬਹੁਤੇ ਕਿੱਤੇ ਖੇਤੀ ਅਤੇ ਉਸ ਉੱਤੇ ਆਧਾਰਿਤ ਸਹਾਇਕ ਕੰਮਾਂ ਨਾਲ ਹੀ ਸੰਬੰਧਿਤ ਹੁੰਦੇ ਸਨ । ਇਸ ਤੋਂ ਇਲਾਵਾ ਕਲਾ, ਧਰਮ, ਲੋਕ-ਭਲਾਈ, ਪ੍ਰਸ਼ਾਸਨ ਸੰਬੰਧੀ ਕੰਮ-ਕਾਰ ਵੀ ਕੁੱਝ ਲੋਕਾਂ ਦੇ ਜੀਵਨ ਦਾ ਅਧਾਰ ਹੁੰਦੇ ਹਨ । ਪਰੰਤੂ ਹੁਣ ਸਮਾਂ ਬਦਲ ਚੁੱਕਾ ਹੈ, ਜੀਵਨ ਦਾ ਚਲਨ, ਸਰਗਰਮੀਆਂ, ਲੋੜਾਂ ਤੇ ਇਛਾਵਾਂ ਬੇਹੱਦ ਵਧ ਚੁੱਕੀਆਂ ਹਨ ਜਿਨ੍ਹਾਂ ਨਵੇਂ-ਨਵੇਂ ਵਿਗਿਆਨਿਕ, ਸਨਅਤੀ ਤੇ ਤਕਨੀਕੀ ਤਰੱਕੀ ਨੇ ਮਨੁੱਖ ਦੀਆਂ ਲੋੜਾਂ ਤੇ ਇੱਛਾਵਾਂ ਦੀ ਪੂਰਤੀ ਲਈ ਬਹੁਤ ਸਾਰਿਆਂ ਕਿੱਤਿਆਂ ਨੂੰ ਜਨਮ ਦਿੱਤਾ ਹੈ ਤੇ ਆਵਾਜਾਈ ਦੇ ਰਫ਼ਤਾਰ ਸਾਧਨਾਂ ਨਾਲ ਜੁੜਨ ਕਰਕੇ ਅੱਜ ਸਾਰੀ ਦੁਨੀਆਂ ਇਕ ਕੌਮਾਂਤਰੀ ਪਿੰਡ ਵਿੱਚ ਬਦਲ ਚੁੱਕੀ ਹੈ । ਇਸ ਦੇ ਨਾਲ ਹੀ ਅੱਜ ਹੱਥ ਨਾਲ ਕੀਤੇ ਜਾਣ ਵਾਲੇ ਬਹੁਤੇ ਕੰਮ-ਕਿੱਤੇ ਖ਼ਤਮ ਹੋ ਚੁੱਕੇ ਹਨ ਤੇ ਉਨ੍ਹਾਂ ਦੀ ਥਾਂ ਮਸ਼ੀਨਾਂ ਤੇ ਤਕਨੀਕ ਨੇ ਲੈ ਲਈ ਹੈ । ਫਲਸਰੂਪ ਅੱਜ ਦੇ ਸਮੇਂ ਬਹੁਤ ਕੰਮ/ਕਿੱਤੇ ਮਸ਼ੀਨਾਂ ਅਤੇ ਤਕਨੀਕ ਉੱਤੇ ਆਧਾਰਿਤ ਹੋਣ ਕਰਕੇ ਇਨ੍ਹਾਂ ਸੰਬੰਧੀ ਪੜ੍ਹਾਈ ਕਰਨੀ ਪੈਂਦੀ ਹੈ ਤੇ ਨਾਲ ਹੀ ਵਿਹਾਰਿਕ ਸਿਖਲਾਈ ਵੀ ਹਾਸਲ ਕਰਨੀ ਪੈਂਦੀ ਹੈ। ਅਜਿਹੀ ਸਥਿਤੀ ਵਿੱਚ ਮਾਪਿਆਂ ਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਬਹੁਤ ਵੱਧ ਗਈ ਹੈ ਕਿ ਉਹ ਨਾ ਆਪ ਭੇਡ-ਚਾਲ ਦੇ ਸ਼ਿਕਾਰ ਹੋਣ ਤੇ ਨਾ ਹੀ ਬੱਚੇ । ਮਾਪਿਆਂ ਤੇ ਅਧਿਆਪਕਾਂ ਨੂੰ ਉਨ੍ਹਾਂ ਦੀ ਰੁਚੀ ਤੋਂ ਪ੍ਰਵਿਰਤੀ ਦੀ ਪਛਾਣ ਕਰ ਕੇ ਉਸ ਅਨੁਸਾਰ ਪੜ੍ਹਾਈ ਤੇ ਟ੍ਰੇਨਿੰਗ ਹਾਸਲ ਕਰਨ ਲਈ ਉਤਸਾਹਿਤ ਕਰਨਾ ਚਾਹੀਦਾ ਹੈ । ਇਹ ਨਹੀਂ ਹੋਣਾ ਚਾਹੀਦਾ ਕਿ ਜੇਕਰ ਗੁਆਂਢੀ ਦਾ ਬੱਚਾ ਡਾਕਟਰੀ ਕਰਨ ਵਲ ਜਾ ਰਿਹਾ ਹੈ ਤਾਂ ਅਸੀਂ ਵੀ ਆਪਣੇ ਬੱਚੇ ਉੱਤੇ ਜ਼ੋਰ ਪਾਈਏ ਕਿ ਉਹ ਵੀ ਡਾਕਟਰ ਹੀ ਬਣੇ। ਹਰ ਇਕ ਬੱਚੇ ਦੀ ਰੁਚੀ, ਪ੍ਰਵਿਰਤੀ ਤੇ ਪ੍ਰਤਿਭਾ ਵਿੱਚ ਫਰਕ ਹੁੰਦਾ ਹੈ, ਜਿਸ ਦੀ ਪਛਾਣ ਕਰਕੇ ਉਸਨੂੰ ਉਸ ਰਸਤੇ ਉੱਤੇ ਤੁਰਨ ਲਈ ਪ੍ਰੇਰਿਤ ਤੇ ਉਤਸਾਹਿਤ ਕਰਨਾ ਚਾਹੀਦਾ ਹੈ । ਕਈ ਬੱਚਿਆਂ ਵਿਚ ਗਾਉਣ, ਅਕ੍ਰਿਤੀ, ਨੱਚਣ ਤੇ ਚਿੱਤਰਕਾਰੀ ਦੀ ਕੁਦਰਤੀ ਪ੍ਰਤਿਭਾ ਹੁੰਦੀ ਹੈ । ਇਸ ਪ੍ਰਤਿਭਾ ਨੂੰ ਨਿਖ਼ਾਰਨ ਦੇ ਮੌਕੇ ਦੇਣੇ ਚਾਹੀਦੇ ਹਨ । ਬੱਚਾ ਵੱਡਾ ਹੋ ਕੇ ਇਸੇ ਖੇਤਰ ਵਿੱਚ ਹੀ ਵੱਡਾ ਨਾਮਣਾ ਪ੍ਰਾਪਤ ਕਰ ਲਵੇਗਾ । ਇਸ ਪ੍ਰਕਾਰ ਆਪਣੀ ਪ੍ਰਵਿਰਤੀ ਅਨੁਸਾਰ ਕਿਸੇ ਕਿੱਤੇ ਜਾਂ ਕੰਮ ਵਿੱਚ ਲੱਗਾ ਨੌਜਵਾਨ ਮੁੰਡਾ ਜਾਂ ਕੁੜੀ ਜੀਵਨ ਵਿਚ ਵਧੇਰੇ ਸਫਲ ਰਹਿਣਗੇ । ਜੇਕਰ ਕਿਸੇ ਨੂੰ ਉਸਦੀ ਰੁਚੀ ਵਿਚ ਪ੍ਰਬੀਨਤਾ ਹਾਸਲ ਕਰਕੇ ਵੀ ਨੌਕਰੀ ਜਾਂ ਕੰਮ ਨਹੀਂ ਮਿਲਦਾ, ਤਾਂ ਇਸ ਵਿਚ ਉਸਦਾ ਕਸੂਰ ਨਹੀਂ ਹੁੰਦਾ, ਸਗੋ ਕਸੂਰ ਰਾਜਸੀ ਤੇ ਆਰਥਿਕ ਪ੍ਰਬੰਧ ਦਾ ਹੁੰਦਾ ਹੈ । ਆਪਣੀ ਬੁਨਿਆਦੀ ਪ੍ਰਵਿਰਤੀ ਤੋਂ ਬਾਹਰ ਜਾ ਕੇ ਕੀਤਾ ਕੰਮ ਮਾਨਸਿਕ ਬੋਝ ਹੁੰਦਾ ਹੈ ਤੇ ਉਹ ਸਰੀਰ ਨੂੰ ਵਧੇਰੇ ਥਕਾਉਂਦਾ ਹੈ । ਅਜਿਹੇ ਕੰਮ ਰਿਸ਼ਵਤ ਹੇਰਾਫੇਰੀ ਤੇ ਨਜਾਇਜ਼ ਧੰਦਿਆਂ ਨੂੰ ਵੀ ਜਨਮ ਦਿੰਦੇ ਹਨ । ਪਰੰਤੂ ਜੇਕਰ ਇਕ ਵਿਅਕਤੀ ਨੂੰ ਉਸਦੀ ਰੁਚੀ ਤੇ ਪ੍ਰਵਿਰਤੀ ਮੁਤਾਬਿਕ ਕੰਮ/ਕਿੱਤੇ ਦੀ ਚੋਣ ਕਰਕਨ ਦਿੱਤੀ ਜਾਵੇ ਤੇ ਉਸ ਅਨੁਸਾਰ ਹੀ ਉਹ ਪੜ੍ਹਾਈ ਕਰੇ ਤੇ ਉਸੇ ਸੰਬੰਧੀ ਸਿਖਲਾਈ ਪ੍ਰਾਪਤ ਕਰੇ ਤਾਂ ਉਹ ਦੇਸ਼ ਤੇ ਸਮਾਜ ਦੇ ਵਿਕਾਸ ਵਿਚ ਵਧੇਰੇ ਸੁਹਿਰਦ ਤੇ ਸਾਰਥਕ ਹਿੱਸਾ ਪਾ ਸਕਦਾ ਹੈ । ਇਸ ਦੇ ਨਾਲ ਹੀ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਜੇਕਰ ਢਿੱਡ ਭਰਨ ਲਈ ਰੁਚੀ ਅਨੁਸਾਰ ਕੋਈ ਕੰਮ ਇਕ ਦਮ ਨਾ ਮਿਲੇ, ਤਾਂ ਜਿਹੜਾ ਕੰਮ ਵੀ ਮਿਲੇ ਉਸਨੂੰ ਕਰਨ ਲਗ ਪੈਣਾ ਚਾਹੀਦਾ ਹੈ ਤੇ ਇਹ ਨਹੀਂ ਸੋਚਣਾ ਚਾਹੀਦਾ ਕਿ ਫਲਾਨਾ ਕੰਮ ਸਮਾਜ ਦੀ ਨਜ਼ਰ ਵਿਚ ਛੋਟਾ ਹੈ ਜਾਂ ਵੱਡਾ । ਪਰ ਇਸਦੇ ਨਾਲ ਹੀ ਆਪਣੀ ਪ੍ਰਵਿਰਤੀ ਤੇ ਰੁਚੀ ਅਨੁਸਾਰ ਕੰਮ ਢੂੰਡਦੇ ਰਹਿਣਾ ਚਾਹੀਦਾ ਹੈ ਅਤੇ ਜਿੱਥੇ ਚਾਹ ਹੋਵੇ ਉੱਥੇ ਰਾਹ ਮਿਲ ਹੀ ਜਾਂਦਾ ਹੈ ।

*ਜਾਂ*

## ਔਰਤਾਂ ਵਿਰੁੱਧ ਅਪਰਾਧ

ਅੱਜ ਜਿਉਂ-ਜਿਉਂ ਅਸੀਂ ਵਿਕਸਿਤ ਹੋਣ ਦਾ ਭਰਮ ਪਾਲ ਰਹੇ ਹਾਂ, ਤਿਉਂ-ਤਿਉਂ ਦੇਸ਼ ਭਰ ਵਿਚ ਔਰਤਾਂ ਨਾਲ ਬਦਸਲੂਕੀ, ਛੇੜ-ਛਾੜ, ਮਾਰ-ਕੁੱਟ, ਉਧਾਲੇ, ਸਮੂਹਿਕ ਬਲਾਤਕਾਰ ਤੇ ਜਬਰ-ਜ਼ੁਲਮ ਭਰਪੂਰ ਦਿਲ-ਕੰਬਾਊ ਘਟਨਾਵਾਂ ਵਿਚ ਦਿਨੋ-ਦਿਨ ਵਾਧਾ ਹੋ ਰਿਹਾ ਹੈ । ਇਕ ਸਰਵੇਖਣ ਅਨੁਸਾਰ ਦੇਸ਼ ਵਿਚ ਹਰ ਵੀਹ ਮਿੰਟ ਪਿੱਛੋਂ ਇਕ ਬਲਾਤਕਾਰ ਹੁੰਦਾ ਹੈ । ਸਭ ਤੋਂ ਸ਼ਰਮਨਾਕ ਘਟਨਾਵਾਂ 2-4 ਸਾਲਾਂ ਦੀਆਂ ਬੱਚੀਆਂ ਨਾਲ ਬਲਾਤਕਾਰਾਂ ਦੀਆਂ ਹਨ । ਆਖ਼ਰ ਅਜਿਹਾ ਕਿਉਂ ਹੋ ਰਿਹਾ ਹੈ । ਇਸ ਦਾ ਵੱਡਾ ਕਾਰਨ ਜਿੱਥੇ ਗੁੰਡਿਆਂ ਤੇ ਬਦਮਾਸ਼ਾਂ ਨੂੰ ਮਿਲਦੀ ਸਿਆਸੀ ਪੁਸ਼ਤ-ਪਨਾਹੀ ਹੈ, ਉੱਥੇ ਕੌਮੀ ਤੇ ਕੌਮਾਂਤਰੀ ਮੁਨਾਫ਼ਾਖ਼ੋਰਾਂ-ਦੁਆਰਾ ਪੈਦਾ ਕੀਤਾ ਜਾ ਰਿਹਾ ਮੰਡੀ ਸਭਿਆਚਾਰ ਵੀ ਹੈ । ਸਿਆਸਤ ਵਿਚ ਸ਼ਾਮਿਲ ਹੋਏ ਅਪਰਾਧਿਕ ਬਿਰਤੀ ਦੇ ਲੋਕਾਂ ਅਤੇ ਮੁਨਾਫ਼ਾਖ਼ੋਰਾਂ ਦੇ ਗਠਜੋੜ ਨੇ ਅੱਜ ਨਸ਼ਿਆਂ ਦੇ ਜਾਲ, ਸੰਚਾਰ ਤੇ ਬ੍ਰਾਡਕਾਸਟਿੰਗ ਦੇ ਸਾਧਨਾਂ, ਇਸ਼ਤਿਹਾਰਬਾਜੀ, ਮੈਰਿਜ ਪੈਲਿਸਾਂ ਤੇ ਹੋਰਨਾਂ ਸਮਾਗਮਾਂ ਉੱਤੇ ਸਭਿਆਚਾਰ ਦੇ ਨਾਂ ਉੱਤੇ ਲਚਰਤਾ ਪ੍ਰੋਸ ਰਹੀਆਂ ਗਾਇਕ-ਟੋਲੀਆਂ 'ਤੇ ਸੁੰਦਰਤਾ ਮੁਕਾਬਲਿਆਂ ਦੀ ਚਕਾਚੌਂਧ ਨਾਲ ਸਾਡੇ ਘਰਾਂ ਤੇ ਮਨਾਂ ਵਿਚ ਅਸ਼ਲੀਲਤਾ ਤੇ ਅਨੈਤਕਤਾ ਵਾੜ ਕੇ ਸਾਡੀ ਮਾਨਸਿਕਤਾ ਨੂੰ ਬਿਮਾਰ ਬਣਾ ਕੇ ਰੱਖ ਦਿੱਤਾ ਹੈ । ਇਹ ਵਰਤਾਰਾ ਜਿੱਥੇ ਨੌਜਵਾਨਾਂ ਦੇ ਮਨਾਂ ਵਿੱਚੋਂ ਹੀਰ-ਰਾਂਝੇ, ਦੁੱਲੇ ਭੱਟੀ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਤੇ ਸੁਭਾਸ਼ ਚੰਦਰ ਬੋਸ ਵਰਗੇ ਮਹਾਂਨਾਇਕਾਂ ਦੇ ਆਦਰਸ਼ਾਂ ਨੂੰ ਮਨਫ਼ੀ ਕਰ ਰਿਹਾ ਹੈ, ਉੱਥੇ ਉਨ੍ਹਾਂ ਦੇ ਸਾਹਮਣੇ ਸ਼ਰਾਬੀਆਂ, ਵਿਹਲੜਾਂ, ਉਧਾਲੇ ਕਰਨ ਵਾਲਿਆ, ਬਲਾਤਕਾਰੀਆਂ ਤੇ ਹਥਿਆਰਾਂ ਨਾਲ ਲੋਕਾਂ ਨੂੰ ਡਰਾ ਕੇ ਆਪਣੀ ਧੌਂਸ ਜਮਾਉਣ ਵਾਲੇ ਬਦਮਾਸ਼ਾਂ ਨੂੰ ਨਾਇਕ ਬਣਾ ਕੇ ਪੇਸ਼ ਕਰ ਰਿਹਾ ਹੈ ਤੇ ਬੜ੍ਹਕਾਂ ਮਾਰਨ, ਕੁੜੀਆਂ ਪਿੱਛੇ ਘੁੰਮਣ, ਉਧਾਲੇ ਕਰਨ ਤੇ ਹਥਿਆਰ ਰੱਖਣ ਨੂੰ ਹੀ ਬਹਾਦਰੀ ਦਰਸਾ ਰਿਹਾ ਹੈ, ਜਿਸ ਕਰਕੇ ਉਹ ਔਰਤ ਨੂੰ ਮਾਂ, ਭੈਣ, ਧੀ, ਪਤਨੀ ਜਾਂ ਉੱਚੀ-ਸੁੱਚੀ ਪ੍ਰੇਮਿਕਾ ਸਮਝ ਕੇ ਉਸ ਨੂੰ ਪਿਆਰ ਤੇ ਸਤਿਕਾਰ ਦੇਣ ਅਤੇ ਉਸ ਦੀ ਇੱਜ਼ਤ-ਆਬਰੂ ਲਈ ਮਰ ਮਿਟਣ ਦੀ ਥਾਂ ਭੋਗਣ ਤੇ ਸੁੱਟਣ ਦੀ ਚੀਜ਼ ਹੀ ਸਮਝਣ ਲੱਗਾ ਹੈ । ਇਸ ਕਰਕੇ ਅਜਿਹੇ ਲੋਕ ਬੜੀ ਬੇਸ਼ਰਮੀ, ਨਿਰਲੱਜਤਾ ਤੇ ਬੇਖ਼ੌਫ਼ੀ ਨਾਲ ਔਰਤਾਂ ਨੂੰ ਛੇੜਦੇ, ਉਨ੍ਹਾਂ ਵਲੋਂ ਮੂੰਹ ਨਾ ਲਾਏ ਜਾਣ ਉੱਤੇ ਉਨ੍ਹਾਂ ਉੱਤੇ ਤੇਜ਼ਾਬ ਸੁੱਟਦੇ,

ਗੋਲੀਆਂ ਚਲਾਉਂਦੇ, ਉਧਾਲੇ ਤੇ ਬਲਾਤਕਾਰ ਕਰ ਰਹੇ ਹਨ । ਅਜਿਹੇ ਅਨਸਰਾਂ ਦੇ ਰੱਸੇ ਖੁੱਲ੍ਹੇ ਹੋਣ ਕਰਕੇ ਕੋਈ ਧੀ, ਭੈਣ ਆਪਣੇ ਘਰ ਦੇ ਮਰਦਾਂ ਜਾਂ ਮਾਪਿਆਂ ਦੇ ਨਾਲ ਜਾਂ ਘਰ ਵਿਚ ਵੀ ਸੁਰੱਖਿਅਤ ਨਹੀਂ । ਇਸ ਵਰਤਾਰੇ ਵਿਰੁੱਧ ਅੱਜ ਸਮੁੱਚੇ ਭਾਰਤ-ਵਾਸੀਆਂ ਨੂੰ ਜਾਗਣ ਦੀ ਲੋੜ ਹੈ । ਸਰਕਾਰੀ ਪੱਧਰ ਤੇ ਔਰਤਾਂ ਦੀ ਸੁਰੱਖਿਆ ਲਈ ਸਖ਼ਤ ਕਾਨੂੰਨ ਤੇ ਫਾਸਟ ਟ੍ਰੈਕ ਅਦਾਲਤਾਂ ਬਣਨੀਆਂ ਚਾਹੀਦੀਆਂ ਹਨ । ਔਰਤਾਂ ਵਿਰੁੱਧ ਕੁਕਰਮ ਕਰਨ ਵਾਲੇ ਕਿਸੇ ਵੀ ਵਿਅਕਤੀ ਦਾ ਲਿਹਾਜ਼ ਨਹੀਂ ਕਰਨਾ ਚਾਹੀਦਾ, ਚਾਹੇ ਉਹ ਕਿੰਨਾ ਵੱਡਾ ਹੋਵੇ । ਕੁੜੀਆਂ ਨੂੰ ਆਪਣੀ ਸੁਰੱਖਿਆ ਆਪ ਕਰਨ ਲਈ ਜੂਡੋ, ਕਰਾਟੇ ਤੇ ਗਤਕਾ ਸਿੱਖਣਾ ਚਾਹੀਦਾ ਹੈ । ਯਾਦ ਰਹੇ ਕਿ ਔਰਤ ਨੂੰ ਸਮਾਜ ਵਿਚ ਸਤਿਕਾਰ ਭਰਿਆ ਦਰਜਾ ਦਿੱਤੇ ਬਿਨਾਂ ਅਸੀਂ ਵਿਕਸਿਤ ਸੰਸਾਰ ਦੇ ਵਾਸੀ ਨਹੀਂ ਕਹਾ ਸਕਦੇ ।

**4. ਉੱਤਰ–**

(*i*) ਜਿਹੜਾ ਆਦਮੀ ਮਿਹਨਤੀ ਹੈ, ਉਹ ਹਮੇਸ਼ਾ ਸਫਲਤਾ ਪ੍ਰਾਪਤ ਕਰਦਾ ਹੈ ।

(*ii*) ਮਾਂ ਤੋਂ ਬਿਨਾਂ ਹੋਰ ਕੋਈ ਵੀ ਬੱਚੇ ਨੂੰ ਪਾਲ ਨਹੀਂ ਸਕਦਾ ।

(*iii*) ਕਾਸ਼ ! ਮੈਂ ਅਮੀਰ ਹੁੰਦਾ ।

(*iv*) ਉਸ ਦੀਆਂ ਸਹੇਲੀਆਂ ਮੂਰਖ ਹਨ ਪਰ ਉਹ ਸਿਆਣੀ ਹੈ ।

**5. ਉੱਤਰ–**

***(i)*** **ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ** (ਜਦ ਕੋਈ ਬੰਦਾ ਜਾਣ-ਬੁੱਝ ਕੇ ਆਪ ਹੀ ਕੋਈ ਮੁਸੀਬਤ ਗਲ ਪਾ ਲਏ, ਤਾਂ ਉਸ ਦੀ ਕੋਈ ਕਿਵੇਂ ਸਹਾਇਤਾ ਕਰ ਸਕਦਾ ਹੈ ।)–ਜਦੋਂ ਮੈਂ ਤੈਨੂੰ ਕਿਹਾ ਸੀ ਕਿ ਤੂੰ ਇਨ੍ਹਾਂ ਚੋਰ-ਉਚੱਕਿਆਂ ਦੀ ਸੰਗਤ ਛੱਡ ਦੇਹ, ਉਦੋਂ ਤੂੰ ਮੰਨਿਆ ਨਹੀਂ । ਹੁਣ ਜਦੋਂ ਪੁਲਿਸ ਨੇ ਉਨ੍ਹਾਂ ਦੇ ਨਾਲ ਤੈਨੂੰ ਵੀ ਚੋਰੀ ਦੇ ਕੇਸ ਵਿਚ ਲਪੇਟ ਲਿਆ ਹੈ, ਤਾਂ ਕਿਸੇ ਦਾ ਕੀ ਦੋਸ਼ ? ਅਖੇ, 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ ।'

***(ii)*** **ਆਪੇ ਮੈਂ ਰੱਜੀ-ਪੁੱਜੀ, ਆਪੇ ਮੇਰੇ ਬੱਚੇ ਜੀਣ** (ਕੋਈ ਆਪਣੀ ਹੀ ਵਡਿਆਈ ਕਰੇ, ਤਾਂ ਇਹ ਅਖਾਣ ਵਰਤੀ ਜਾਂਦੀ ਹੈ ।)–ਅਖੇ, 'ਆਪੇ ਮੈਂ ਰੱਜੀ-ਪੁੱਜੀ, ਆਪੇ ਮੇਰੇ ਬੱਚੇ ਜੀਣ । ਗੁਣ ਸੋਈ, ਜਿਸ ਨੂੰ ਦੂਸਰੇ ਲੋਕ ਸਲਾਹੁਣ । 'ਆਪਣੇ ਮੂੰਹੋਂ ਤਾਂ ਹਰ ਕੋਈ ਮੀਆਂ ਮਿੱਠੂ ਬਣ ਜਾਂਦਾ ਹੈ ।'

***(iii)*** **ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਣ** (ਦੁਸ਼ਮਣ ਸਖ਼ਤੀ ਨਾਲ ਹੀ ਕਾਬੂ ਆਉਂਦੇ ਹਨ ।)–ਜਿੰਨਾ ਚਿਰ ਭਾਰਤ ਨੇ ਸ਼ਾਂਤੀ ਤੇ ਅਹਿੰਸਾ ਦੀ ਨੀਤੀ ਉੱਪਰ ਤੁਰਨਾ ਜਾਰੀ ਰੱਖਿਆ, ਤਾਂ ਚੀਨ ਵੀ ਉਸ ਦੀ ਸਰਹੱਦ 'ਤੇ ਫ਼ੌਜਾਂ ਚੜ੍ਹਾ ਲਿਆਇਆ ਤੇ ਪਾਕਿਸਤਾਨ ਵੀ । ਪਰ ਜਦੋਂ ਅੱਗੋਂ ਭਾਰਤੀ ਫ਼ੌਜਾਂ ਨੇ ਕਰਾਰੇ ਹੱਥ ਦਿਖਾਏ, ਤਾਂ ਉਹ ਮਿੱਤਰਤਾ ਦੀਆਂ ਗੱਲਾਂ ਕਰਨ ਲੱਗੇ । ਸਿਆਣਿਆਂ ਨੇ ਸੱਚ ਕਿਹਾ ਹੈ, 'ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਣ ।'

***(iv)*** **ਛੱਜ ਤਾਂ ਬੋਲੇ, ਛਾਨਣੀ ਕਿਉਂ ਬੋਲੇ** (ਇਕ ਦੋਸ਼ੀ ਦੂਜੇ ਦੇ ਦੋਸ਼ ਕਿਉਂ ਕੱਢੇ ।)–ਜਦੋਂ ਕਰਤਾਰੇ ਨੇ ਪਿੰਡ ਵਿਚ ਚੋਰੀ ਦਾ ਇਲਜ਼ਾਮ ਨਰੈਣੇ ਦੇ ਸਿਰ ਲਾਇਆ, ਤਾਂ ਉਸ ਨੇ ਕਿਹਾ, ''ਚੁੱਪ ਕਰ ਓਏ ਕਰਤਾਰਿਆ ! 'ਛੱਜ ਤਾਂ ਬੋਲੇ, ਛਾਨਣੀ ਕਿਉਂ ਬੋਲੇ ?' ਅਜੇ ਤਾਂ ਤੂੰ ਕਲ੍ਹ ਚੋਰੀ ਕਰਨ ਦੇ ਦੋਸ਼ ਵਿਚ ਛੇ ਮਹੀਨੇ ਜੇਲ੍ਹ ਕੱਟ ਕੇ ਆਇਆ ਹੈਂ ।''

***(v)*** **ਖ਼ਰਬੂਜ਼ੇ ਨੂੰ ਦੇਖ ਕੇ ਖ਼ਰਬੂਜ਼ਾ ਰੰਗ ਫੜਦਾ ਹੈ** (ਜਿਹੋ ਜਿਹੀ ਸੰਗਤ ਕਰੀਏ, ਉਹੋ ਜਿਹੇ ਬਣ ਜਾਈਦਾ ਹੈ ।)–ਭਾਈ ਹੈਰਾਨੀ ਦੀ ਕਿਹੜੀ ਗੱਲ ਹੈ, 'ਖ਼ਰਬੂਜ਼ੇ ਨੂੰ ਦੇਖ ਕੇ ਖ਼ਰਬੂਜ਼ਾ ਰੰਗ ਫੜਦਾ ਹੈ ।' ਜਿਹੋ ਜਿਹੀ ਬੁਰੀ ਸੰਗਤ ਉਹ ਕਰਦਾ ਸੀ, ਉਹੋ ਜਿਹਾ ਬੁਰਾ ਰੰਗ ਉਸਨੂੰ ਚੜ੍ਹ ਗਿਆ ।

***(vi)*** **ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ** (ਯੋਗ ਸਮਾਂ ਬੀਤਣ ਮਗਰੋਂ ਕੰਮ ਠੀਕ ਨਹੀਂ ਹੁੰਦਾ)–ਤੁਹਾਨੂੰ ਆਪਣਾ ਕੰਮ ਵੇਲੇ ਸਿਰ ਕਰ ਲੈਣਾ ਚਾਹੀਦਾ ਹੈ, ਨਹੀਂ ਤਾਂ ਮਗਰੋਂ ਉਸ ਵਿਚ ਕਈ ਰੁਕਾਵਟਾਂ ਪੈ ਜਾਂਦੀਆਂ ਹਨ । ਤੁਹਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ, 'ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ ਹੁੰਦੀਆਂ ਹਨ ।'

**6. ਉੱਤਰ–**

**ਧਰਤੀ ਤੇ ਲਹੂ ................. ਇਕ ਹੋਰ ।**

**ਉੱਤਰ–ਪ੍ਰਸੰਗ**–ਇਹ ਕਾਵਿ-ਟੋਟਾ 'ਲਾਜ਼ਮੀ ਪੰਜਾਬੀ-12' ਪਾਠ-ਪੁਸਤਕ ਵਿਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਲਿਖੀ ਹੋਈ ਪ੍ਰਸਿੱਧ ਕਵਿਤਾ 'ਵਾਰਸ ਸ਼ਾਹ' ਵਿੱਚੋਂ ਲਿਆ ਗਿਆ ਹੈ । ਇਸ ਕਵਿਤਾ ਵਿਚ ਕਵਿਤ੍ਰੀ ਨੇ 1947 ਵਿਚ ਪੰਜਾਬ ਦੀ ਵੰਡ ਸਮੇਂ ਇੱਥੇ ਛਿੜੇ ਭਰਾ-ਮਾਰੂ ਫ਼ਸਾਦਾਂ ਵਿਰੁੱਧ ਦਰਦ ਵੰਡਾਉਣ ਲਈ ਵਾਰਸ ਸ਼ਾਹ ਨੂੰ ਸੰਬੋਧਨ ਕੀਤਾ ਹੈ ।

**ਵਿਆਖਿਆ**–ਅੱਜ ਪੰਜਾਬੀਆਂ ਵਿਚ ਛਿੜੇ ਭਰਾ-ਮਾਰੂ ਫ਼ਿਰਕੂ-ਫ਼ਸਾਦਾਂ ਕਰਕੇ ਧਰਤੀ ਉੱਪਰ ਹਰ ਥਾਂ ਲਹੂ ਹੀ ਲਹੂ ਦਿਸ ਰਿਹਾ ਹੈ । ਇਸ ਤਰ੍ਹਾਂ ਲਗਦਾ ਹੈ, ਜਿਵੇਂ ਲਹੂ ਦਾ ਮੀਂਹ ਵਰ੍ਹਿਆ ਹੋਵੇ, ਇਹ ਲਹੂ ਕਬਰਾਂ ਵਿਚੋਂ ਰਿਸ-ਰਿਸ ਕੇ ਬਾਹਰ ਆ ਰਿਹਾ ਹੈ । ਅੱਜ ਪ੍ਰੀਤ ਦੀਆਂ ਸ਼ਹਿਜ਼ਾਦੀਆਂ, ਜਿਨ੍ਹਾਂ ਦੇ ਪ੍ਰੇਮੀ ਮਾਰੇ ਗਏ ਹਨ, ਕਬਰਾਂ ਵਿਚ ਰੋ ਰਹੀਆਂ ਹਨ । ਇੰਞ ਜਾਪਦਾ ਹੈ, ਜਿਵੇਂ ਪੰਜਾਬੀਆਂ ਨੇ ਸੱਚਾ ਪਿਆਰ ਛੱਡ ਦਿੱਤਾ ਹੋਵੇ ਅਤੇ ਸਾਰੇ ਹੀ ਹੁਸਨ ਤੇ ਇਸ਼ਕ ਦੇ ਚੋਰ ਬਣ ਕੇ ਉਹੋ ਰੋਲ ਹੀ ਅਦਾ ਕਰਨ ਲੱਗ ਪਏ ਹਨ, ਜੋ ਕੈਦੋਂ ਨੇ ਹੀਰ ਤੇ ਰਾਂਝੇ ਦੇ ਪਿਆਰ ਨੂੰ ਤੋੜਨ ਦੇ ਯਤਨਾਂ ਵਿਚ ਅਦਾ ਕੀਤਾ ਸੀ । ਅੱਜ ਸਾਰੇ ਕੈਦੋਂ ਬਣੇ ਵੇਖ ਕੇ ਪ੍ਰੀਤਵਾਨਾਂ ਦੇ ਦਰਦੀ ਕਿਸੇ ਵਾਰਸ ਸ਼ਾਹ ਦੀ ਲੋੜ ਹੈ, ਪਰ ਉਸ ਨੂੰ ਕਿੱਥੋਂ ਲਿਆਈਏ ? ਇਸੇ ਕਰਕੇ ਕਵਿਤ੍ਰੀ ਕਹਿੰਦੀ ਹੈ ਕਿ, ''ਉਹ ਵਾਰਸ ਸ਼ਾਹ ਨੂੰ'' ਪੁਕਾਰਦੀ ਹਾਂ ਕਿ ਅੱਜ ਉਹ ਹੀ ਬਹੁੜੇ ਤੇ ਪ੍ਰੀਤਵਾਨਾਂ ਦਾ ਦਰਦ ਵੰਡਾਵੇ ।

***ਜਾਂ***

**ਹੋ ਗਿਆ ਕੁਵੇਲਾ ............ ਭੱਠੀ ਵਾਲੀਏ ।**

**ਪ੍ਰਸੰਗ**–ਇਹ ਕਾਵਿ-ਟੋਟਾ 'ਲਾਜ਼ਮੀ ਪੰਜਾਬੀ-12' ਪਾਠ–ਪੁਸਤਕ ਵਿਚ ਦਰਜ ਸ਼ਿਵ ਕੁਮਾਰ 'ਬਟਾਲਵੀ' ਦੀ ਰਚਨਾ 'ਗੀਤ' ਵਿਚੋਂ ਲਿਆ ਗਿਆ ਹੈ । ਇਹ ਬਿਰਹੋਂ ਦੇ ਦੁੱਖਾਂ ਨਾਲ ਭਰਿਆ ਇਕ ਵਿਸ਼ਾਦ ਭਰਪੂਰ ਗੀਤ ਹੈ । ਇਸ ਵਿਚ ਕਵੀ ਆਪਣੀ ਮਰ ਚੁੱਕੀ ਪ੍ਰੇਮਿਕਾ ਦੇ ਵਿਛੋੜੇ ਦੇ ਦੁੱਖ ਤੇ ਹੋਣੀ ਦੁਆਰਾ ਦਿੱਤੀਆਂ ਜਾ ਰਹੀਆਂ ਪੀੜਾਂ ਨੂੰ ਡਾਢੇ ਵਿਸ਼ਾਦ ਭਰੇ ਭਾਵਾਂ ਵਿਚ ਗੁੰਨ੍ਹ ਕੇ ਪੇਸ਼ ਕਰਦਾ ਹੈ ।

**ਵਿਆਖਿਆ**–ਕਵੀ ਕਹਿੰਦਾ ਹੈ, ਹੇ ਭੱਠੀ ਵਾਲੀ ਰੂਪ ਹੋਣੀ ! ਦੁੱਖਾਂ ਨਾਲ ਭਰਿਆ ਮੈਂ ਤੈਨੂੰ ਆਪਣੇ ਹੰਝੂਆਂ ਦਾ ਭਾੜਾ ਦਿੰਦਾ ਹਾਂ, ਤੂੰ ਮੈਨੂੰ ਇਹ ਪੀੜਾਂ ਦਾ ਪਰਾਗਾ ਭੁੰਨ ਦੇਹ ਅਰਥਾਤ ਮੇਰੀਆਂ ਪੀੜਾਂ ਨੂੰ ਜ਼ਰਾ ਹੋਰ ਤੇਜ਼ ਕਰ ਦੇਹ । ਤੂੰ ਤਾਂ ਚੰਬੇ ਦੀ ਡਾਲੀ ਵਰਗੀ ਸੋਹਣੀ ਹੈਂ । ਮੈਂ ਤੈਨੂੰ ਵਾਰ-ਵਾਰ ਕਹਿੰਦਾ ਹਾਂ ਕਿ ਤੂੰ ਮੈਨੂੰ ਪੀੜਾਂ ਦਾ

HOLY FAITH INTERNATIONAL (P) LTD.

ਪਰਾਗਾ ਭੁੰਨ ਕੇ ਦੇਹ, ਅਰਥਾਤ ਤੂੰ ਮੇਰੇ ਗ਼ਮਾਂ ਨੂੰ ਜ਼ਰਾ ਹੋਰ ਕਰਾਰੇ ਕਰ ਦੇਹ । ਹੇ ਭੱਠੀ ਵਾਲੀ ਰੂਪ ਹੋਣੀ, ਮੈਂ ਪੀੜਾਂ ਵਿਚ ਨਪੀੜ ਹੋ ਕੇ ਮੌਤ ਦੀ ਜਿਸ ਮੰਜ਼ਿਲ 'ਤੇ ਪਹੁੰਚਣਾ ਚਾਹੁੰਦਾ ਹਾਂ, ਮੈਨੂੰ ਉੱਥੇ ਪਹੁੰਚਣ ਵਿਚ ਬਹੁਤ ਦੇਰ ਹੋ ਰਹੀ ਹੈ । ਦੇਖ, ਸ਼ਾਮ ਪੈ ਰਹੀ ਹੈ । ਪਰਛਾਵੇਂ ਢਲ ਗਏ ਹਨ । ਚਰਾਗਾਹਾਂ ਵਿਚੋਂ ਮੱਝਾਂ ਅਤੇ ਗਾਈਆਂ ਘਰ ਨੂੰ ਮੁੜ ਆਈਆਂ ਹਨ ਤੇ ਚਿੜੀਆਂ ਨੇ ਚੀਕ-ਚਿਹਾੜਾ ਪਾ ਦਿੱਤਾ ਹੈ । ਮੈਂ ਆਪਣੀ ਮੰਜ਼ਿਲ 'ਤੇ ਪਹੁੰਚ ਨਹੀਂ ਸਕਿਆ । ਤੂੰ ਮੇਰਾ ਪੀੜਾਂ ਦਾ ਪਰਾਗਾ ਭੁੰਨ ਦੇ । ਮੈਂ ਤੈਨੂੰ ਆਪਣੇ ਹੰਝੂਆਂ ਦਾ ਭਾੜਾ ਦਿੰਦਾ ਹਾਂ ।

**7. ਉੱਤਰ–**

(*i*) (ਅ) ਕਸ਼ਮੀਰ, (*ii*) (ਸ) ਵਾਰਸ ਸ਼ਾਹ, (*iii*) (ੳ) ਮਾਂ-ਪੁੱਤਰ, (*iv*) (ਸ) ਪੀੜਾਂ ਦਾ ਪਰਾਗਾ ।

**8. ਉੱਤਰ–**

ਪ੍ਰੋ: ਐੱਮ.ਐੱਲ. ਮਲ੍ਹੋਤਰਾ ਜੇਠ ਦੀ ਗਰਮੀ ਵਿਚ ਦੁਪਹਿਰੇ ਸਾਈਕਲ ਉੱਤੇ ਕਾਲਜੋਂ ਬਾਹਰ ਨਿਕਲਿਆ ਤੇ ਰੋੜਿਆਂ ਭਰੀ ਕੱਚੀ ਸੜਕ ਉੱਤੇ ਕਾਫ਼ੀ ਜ਼ੋਰ ਲਾਉਣ ਪਿੱਛੋਂ ਪੱਕੀ ਸੜਕ 'ਤੇ ਚੜ੍ਹ ਗਿਆ । ਇਕ ਚੀਰੇ ਵਾਲਾ ਨੌਜਵਾਨ ਸਾਈਕਲ-ਸਵਾਰ ਉਸਦੇ ਕੋਲੋਂ ਅੱਗੇ ਲੰਘ ਗਿਆ ਤੇ ਪ੍ਰੋਫ਼ੈਸਰ ਵਿਕਸਿਤ ਦੁਨੀਆ ਦੇ ਮੁਕਾਬਲੇ ਸਾਈਕਲ ਯੁਗ ਵਿਚ ਪਹੁੰਚੇ ਆਪਣੇ ਦੇਸ਼ ਦੀ ਗ਼ਰੀਬੀ ਬਾਰੇ ਸੋਚਣ ਲੱਗਾ । ਉਸਨੂੰ ਆਪ ਨੂੰ ਵੀ ਮੁੱਢਲੀ ਤਨਖ਼ਾਹ ਉੱਤੇ ਲੈਕਚਰਾਰੀ ਮਿਲੀ ਸੀ । ਉਸਨੇ ਦੇਖਿਆ ਕਿ ਚੀਰੇ ਵਾਲਾ ਨੌਜਵਾਨ ਜਦੋਂ ਅੱਗੇ ਜਾਂਦੀ ਇਕ ਮਾਈ ਦੇ ਕੋਲ ਪੁੱਜਾ, ਤਾਂ ਮਾਈ ਨੇ ਉਸਨੂੰ ਕੁੱਝ ਕਿਹਾ ਪਰ ਉਹ ਅੱਗੇ ਲੰਘ ਗਿਆ । ਫਿਰ ਜਦੋਂ ਪ੍ਰੋਫ਼ੈਸਰ ਉਸ ਦੇ ਬਰਾਬਰ ਪਹੁੰਚਾ ਤੇ ਸੜਦੀ ਭੁੱਬਲ ਵਿਚ ਨੰਗੇ ਪੈਰੀਂ ਤੁਰ ਰਹੀ ਉਸ ਕਮਜ਼ੋਰ ਮਾਈ ਨੇ ਉਸਨੂੰ ਨਾਲ ਲਿਜਾਣ ਲਈ ਕਿਹਾ । ਪ੍ਰੋਫ਼ੈਸਰ ਪਹਿਲਾਂ ਤਾਂ ਚੁੱਪ ਕਰ ਕੇ ਅੱਗੇ ਲੰਘ ਗਿਆ ਪਰ ਫਿਰ ਆਪਣੇ ਆਪ ਨੂੰ ਚੀਰੇ ਵਾਲੇ ਨੌਜਵਾਨ ਵਰਗਾ ਪੱਥਰ-ਦਿਲ ਸਮਝਦਿਆਂ ਉਹ ਪਿੱਛੇ ਮੁੜਿਆ ਤੇ ਮਾਈ ਦੇ ਕਹਿਣ 'ਤੇ ਉਸਨੇ ਉਸਨੂੰ ਚੁੱਕ ਕੇ ਕੈਰੀਅਰ ਉੱਤੇ ਬਿਠਾਇਆ ਪਰ ਇਸ ਸਮੇਂ ਉਸਦੇ ਗੰਦੇ ਕੱਪੜਿਆਂ ਤੇ ਪਸੀਨੇ ਨੇ ਉਸਦੇ ਮਨ ਨੂੰ ਖ਼ਰਾਬ ਕਰ ਦਿੱਤਾ । ਰਸਤੇ ਵਿਚ ਗੱਲ-ਬਾਤ ਤੋਂ ਉਸਨੂੰ ਉਸਦੀ ਇਕੱਲਤਾ, ਗ਼ਰੀਬੀ ਤੇ ਦੁੱਖ-ਭੁੱਖ ਭਰੀ ਬੁਰੀ ਹਾਲਤ ਦਾ ਪਤਾ ਲਗਾ ਪਰ ਉਹ ਆਪਣੀ ਤੇ ਥੁੜ੍ਹਾਂ-ਮਾਰੀ ਜ਼ਿੰਦਗੀ ਕਾਰਨ ਉਸ ਮਾਈ ਦੀ ਕੋਈ ਮਦਦ ਕਰਨ ਤੋਂ ਅਸਮਰੱਥ ਸੀ ।

ਅੰਤ ਸ਼ਹਿਰ ਪਹੁੰਚ ਕੇ ਜਦੋਂ ਉਸਨੇ ਉਸਨੂੰ ਸਾਈਕਲ ਤੋਂ ਉਤਾਰਿਆ, ਤਾਂ ਇਸੇ ਸਮੇਂ ਹੀ ਚੀਰੇ ਵਾਲਾ ਨੌਜਵਾਨ ਸ਼ਹਿਰੋਂ ਆਪਣਾ ਕੰਮ ਛੇਤੀ ਮੁਕਣ ਕਰਕੇ ਆ ਪਹੁੰਚਾ ਤੇ ਮਾਈ ਨੂੰ ਕਹਿਣ ਲੱਗਾ ਕਿ ਉਹ ਉਸਨੂੰ ਉਸਦੇ ਪਿੰਡ ਸਹੇੜੇ ਤਕ ਛੱਡ ਆਵੇਗਾ । ਪ੍ਰੋਫ਼ੈਸਰ ਨੇ ਮਾਈ ਨੂੰ ਉਸਦੇ ਸਾਈਕਲ ਉੱਤੇ ਬਿਠਾ ਦਿੱਤਾ ਤੇ ਲਾਲ ਚੀਰ ਵਾਲੇ ਨੇ ਪ੍ਰੋਫ਼ੈਸਰ ਵਲ ਇੰਵ ਦੇਖਿਆ, ਜਿਵੇਂ ਉਹ ਓਪਰਾ ਨਹੀਂ, ਸਗੋਂ ਆਪਣਾ ਹੀ ਹੋਵੇ ਤੇ ਪ੍ਰੋਫ਼ੈਸਰ ਨੂੰ ਵੀ ਮਹਿਸੂਸ ਹੋਇਆ ਕਿ ਉਸਦਾ ਘਾਟਾ ਪੂਰਾ ਹੋ ਗਿਆ ਹੈ ।

***ਜਾਂ***

'ਗੁਆਲਾ' ਨੀਲੀ ਕਹਾਣੀ ਦਾ ਇਕ ਪਾਤਰ ਹੈ । ਉਹ ਗਊਆਂ ਪਾਲਦਾ ਤੇ ਦੁੱਧ ਵੇਚਦਾ ਹੈ । ਉਹ ਲਾਲਚੀ ਹੈ ਤੇ ਨੀਲੀ ਤੋਂ ਬਹੁਤਾ ਦੁੱਧ ਪ੍ਰਾਪਤ ਕਰ ਕੇ ਵੇਚਣ ਦੇ ਲਾਲਚ ਵਿਚ ਉਹ ਉਸਦੀ ਵੱਛੀ ਲਈ ਦੁੱਧ ਛੱਡਣ ਵਲ ਧਿਆਨ ਨਹੀਂ ਸੀ ਦਿੰਦਾ । ਫਿਰ ਉਸਨੇ ਨੀਲੀ ਲਈ ਦੁੱਧ ਚੋਣ ਸਮੇਂ ਮਸਾਲਾ ਲਿਆਉਣਾ ਵੀ ਛੱਡ ਦਿੱਤਾ ਕਿਉਂਕਿ ਗਾਂ ਵੱਛੀ ਦੇ ਮੂੰਹ ਮਾਰਨ 'ਤੇ ਹੀ ਦੁੱਧ ਲਾਹ ਦਿੰਦੀ ਸੀ । ਕਹਾਣੀਕਾਰ ਤੇ ਉਸਦੀ ਪਤਨੀ ਵਲੋਂ ਸ਼ਕਾਇਤ ਕਰਨ ਉੱਤੇ ਉਹ ਕਹਿੰਦਾ ਸੀ ਕਿ ਉਸਨੇ ਉਸਦੇ ਚਾਰੇ ਦਾ ਵਕਤ ਬਦਲ ਦਿੱਤਾ ਹੈ । ਉਹ ਬਹਾਨੇਬਾਜ਼ ਵੀ ਬਹੁਤ ਹੈ ਤੇ ਕਹਿੰਦਾ ਹੈ ਕਿ ਗਾਂ ਵੱਛੀ ਲਈ ਦੁੱਧ ਛੁਪਾ ਲੈਂਦੀ ਹੈ । ਉਹ ਨੀਲੀ ਦੀ ਮਮਤਾ ਤੇ ਬੱਚੇ ਦੀ ਮੌਤ ਦੇ ਦੁੱਖ ਪ੍ਰਤੀ ਅਸੰਵੇਦਨਸ਼ੀਲ ਵਿਅਕਤੀ ਹੈ ਤੇ ਇਸ ਗੱਲ ਲਈ ਕਾਹਲਾ ਹੈ ਕਿ ਉਸਦਾ ਨੀਲੀ ਦੇ ਦੁੱਧ ਤੋਂ ਕਮਾਈ ਕਰਨ ਦਾ ਲਾਲਚ ਜਲਦੀ ਤੋਂ ਜਲਦੀ ਪੂਰਾ ਹੋ ਸਕੇ ।

**9. ਉੱਤਰ–**

(*i*) (ੳ) ਨੌਜਵਾਨ, (*ii*) (ੳ) ਗੁਆਲੇ ਦੇ, (*iii*) (ੳ) ਪ੍ਰੇਮ ਪ੍ਰਕਾਸ਼, (*iv*) (ਅ) ਜੀਤੋ ਦਾ ਵੀਰ, (*v*) (ਅ) ਦੁਪਹਿਰੇ ।

**10. ਉੱਤਰ–**

(*i*) ਜਦੋਂ ਪ੍ਰੋਫ਼ੈਸਰ ਦਾ ਸਾਈਕਲ ਟੁੱਟੀ-ਭੱਜੀ ਅਤੇ ਉੱਭਰੇ ਹੋਏ ਰੋੜਿਆਂ ਵਾਲੀ ਸੜਕ ਉੱਤੇ ਸੱਜੇ-ਖੱਬੇ ਡੋਲਦਾ ਤੇ ਵਲ ਖਾਂਦਾ ਹੌਲੀ-ਹੌਲੀ ਅੱਗੇ ਵਧ ਰਿਹਾ ਸੀ, ਤਾਂ ਉਸ ਨੂੰ ਜਾਪਿਆ ਕਿ ਮਨੁੱਖੀ ਜੀਵਨ ਵੀ ਇਸੇ ਤਰ੍ਹਾਂ ਮੁਸ਼ਕਿਲਾਂ ਨਾਲ ਖਹਿੰਦਾ ਡਿਕੇ-ਡੋਲੇ ਖਾਂਦਾ ਅੱਗੇ ਵਧਦਾ ਹੈ ।

(*ii*) ਇਸ ਦਾ ਮੁੱਖ ਕਾਰਨ ਇਹ ਸੀ ਕਿ ਇਕ ਤਾਂ ਨੀਲੀ ਦੀ ਬੱਚੀ ਵੱਛੀ ਦੀ ਮੌਤ ਹੋ ਗਈ ਸੀ ਤੇ ਉਸ ਸਦਮੇ ਵਿਚ ਸੀ । ਦੂਸਰੇ ਉਸਨੂੰ ਦੁੱਧ ਉੱਤਰਦਾ ਹੀ ਬੱਛੀ ਲਈ ਸੀ, ਪਰ ਜਦੋਂ ਉਹ ਨਹੀਂ ਸੀ ਰਹੀ, ਤਾਂ ਉਸਨੇ ਦੁੱਧ ਕਰਨਾ ਵੀ ਕੀ ਸੀ ।

(*iii*) ਕਹਾਣੀ ਦੇ ਅੰਤ ਵਿਚ ਕਹਾਣੀਕਾਰ (ਪਤੀ) ਰਿਕਸ਼ੇ ਵਾਲੇ ਤੋਂ ਬਚੇ ਤਿੰਨ ਰੁਪਇਆਂ ਨਾਲ ਫ਼ਿਲਮ ਵੇਖਣ ਲਈ ਜਾਣ ਦੀ ਤਜਵੀਜ਼ ਰੱਖਦਾ ਹੈ, ਪਰੰਤੂ ਉਸਦੀ ਪਤਨੀ ਇਹ ਰੁਪਏ ਪਿੰਗਲਵਾੜੇ ਦੇਣ ਦੀ ਗੱਲ ਕਰਦੀ ਹੈ ਤੇ ਜਿਹੜੇ ਉਹ ਫ਼ਾਲਤੂ ਪੰਜਾਹ ਪੈਸੇ ਰਿਕਸ਼ੇ ਵਾਲੇ ਨੂੰ ਦੇ ਕੇ ਗੱਲ ਮੁਕਾਉਣ ਦੀ ਗੱਲ ਕਰਦੀ ਸੀ, ਉਹ ਮੰਗਤੇ ਦੀ ਤਲੀ ਉੱਤੇ ਰੱਖਣ ਦੀ ਗੱਲ ਕਰਦੀ ਹੈ ।

(*iv*) ਜੀਤੋ, ਜੀਤੋ ਦਾ ਵੀਰ, ਜੀਤੋ ਦੀ ਸਹੇਲੀ, ਜੀਤੋ ਦੇ ਮਾਂ ਤੇ ਪਿਓ, ਜੀਤੋ ਦੀਆਂ ਸਹੇਲੀਆਂ, ਤਾਏ ਦੀ ਧੀ, ਤਾਏ-ਚਾਚੇ, ਭਾਈ ਤੇ ਗਵੱਈਆ ।

(*v*) ਜੀਤੋ ਨੇ ਸਹੇਲੀਆਂ ਨਾਲ ਗੁੱਡੀਆਂ-ਪਟੋਲੇ ਖੇਡਦਿਆਂ, ਤ੍ਰਿੰਞਣਾਂ ਵਿਚ ਕੱਤਦਿਆਂ ਅਤੇ ਤੀਆਂ ਦੇ ਮੌਕੇ ਪੀਂਘਾਂ ਝੂਟਦਿਆਂ ਦਿਨ ਗੁਜ਼ਾਰੇ ਸਨ ।

**11. ਉੱਤਰ–**(*i*) (ੲ) ਸਰਪ ਦੀ, (*ii*) (ਸ) ਦੱਭ, (*iii*) (ੲ) ਲੀਰਾਂ ਤੋਂ, (*iv*) (ੳ) ਧਮਾਲ, (*v*) (ੲ) ਸਾਵਣ ਵਿਚ ।

**12. ਉੱਤਰ–**

(ੳ) ਵਿਆਹ ਕੇ ਲਿਆਉਣ ਮਗਰੋਂ ਮੁੰਡੇ ਦੇ ਲਾੜੀ ਸਮੇਤ ਘਰ ਪਹੁੰਚਣ 'ਤੇ ਪਹਿਲੀ ਰਸਮ ਮੁੰਡੇ ਦੀ ਮਾਂ ਦੁਆਰਾ ਮੁੰਡੇ ਦੇ ਸਿਰ ਉੱਤੋਂ ਪਾਣੀ ਵਾਰਨ ਦੀ ਹੁੰਦੀ ਹੈ । ਮੁੰਡੇ ਦੀ ਮਾਂ ਥਾਲੀ ਲੈ ਕੇ ਨੂੰਹ-ਪੁੱਤ ਨੂੰ ਲੈਣ ਜਾਂਦੀ ਹੈ । ਦਰਵਾਜ਼ੇ 'ਤੇ ਉਹ ਪਾਣੀ ਨਾਲ ਵਾਰਨੇ ਕਰਦੀ ਹੈ । ਸੱਤ ਵਾਰੀ ਪਾਣੀ ਮੂੰਹ ਨੂੰ ਲਾਉਂਦੀ ਹੈ ਤੇ ਪੁੱਤਰ ਉਸ ਨੂੰ ਪੀਣ ਤੋਂ ਰੋਕਦਾ ਹੈ । ਸੱਤਵੀਂ ਵਾਰੀ ਤਾਂ ਉਸ ਦੀਆਂ ਦਰਾਣੀਆਂ-ਜਿਠਾਣੀਆਂ ਉਸ ਨੂੰ ਪਾਣੀ ਬਿਲਕੁਲ ਨਹੀਂ ਪੀਣ ਦਿੰਦੀਆਂ ।

HOLY FAITH INTERNATIONAL (P) LTD.

(ਅ) ਵਰਤਮਾਨ ਸਮੇਂ ਵਿਚ ਭੰਗੜੇ ਦਾ ਸਰੂਪ ਕਾਫ਼ੀ ਬਦਲ ਚੁੱਕਾ ਹੈ । ਬੋਲੀਆਂ ਦੇ ਪੱਧਰ, ਮੁਦਰਾਵਾਂ ਦੇ ਸੰਚਾਰ-ਪੱਧਰ ਅਤੇ ਸਾਜ਼ੋ-ਸਮਾਨ ਆਦਿ ਪੱਖੋਂ ਕਾਫ਼ੀ ਤਬਦੀਲੀਆਂ ਆ ਚੁੱਕੀਆਂ ਹਨ । ਇਸ ਵਿਚ ਵਿਦੇਸ਼ੀ ਨਾਚਾਂ ਦੀਆਂ ਮੁਦਰਾਵਾਂ ਵੀ ਸ਼ਾਮਲ ਹੋ ਰਹੀਆਂ ਹਨ । ਕੁੱਝ ਉਹ ਲੋਕ-ਨਾਚ ਜਿਨ੍ਹਾਂ ਦੀ ਹੋਂਦ ਮਿਟਦੀ ਜਾ ਰਹੀ ਹੈ, ਦੀਆਂ ਮੁਦਰਾਵਾਂ ਵੀ ਇਸ ਦੀਆਂ ਚਾਲਾਂ ਤੇ ਮੁਦਰਾਵਾਂ ਦੇ ਨਾਂ ਗ੍ਰਹਿਣ ਕਰ ਚੁੱਕੀਆਂ ਹਨ । ਇਸ ਤਰ੍ਹਾਂ ਭੰਗੜੇ ਦਾ ਸਰੂਪ ਲਗਾਤਾਰ ਬਦਲ ਰਿਹਾ ਹੈ ।

(ੲ) ਪੰਜਾਬ ਦੀਆਂ ਲੋਕ-ਖੇਡਾਂ ਦੀ ਸੰਭਾਲ ਅਤੇ ਇਨ੍ਹਾਂ ਨੂੰ ਮੁੜ ਸੁਰਜੀਤ ਕਰਨਾ ਇਸ ਕਰਕੇ ਜ਼ਰੂਰੀ ਹੈ, ਕਿਉਂਕਿ ਇਹ ਸਾਡਾ ਗੌਰਵਮਈ ਵਿਰਸਾ ਹਨ ਤੇ ਇਹ ਸਾਨੂੰ ਆਪਣੇ ਬਲਵਾਨ ਵਿਰਸੇ ਨਾਲ ਜੋੜਦੀਆਂ ਹਨ, ਜਿਸ ਤੋਂ ਖੇਡਾਂ ਮਿਲਵਰਤਨ, ਭਾਈਚਾਰਕ ਸਾਂਝ, ਵਲ-ਛਲ ਰਹਿਤ ਤੇ ਨਸ਼ਾ-ਮੁਕਤ ਜੀਵਨ ਜਿਊਣ ਦੀ ਪ੍ਰੇਰਨਾ ਮਿਲਦੀ ਹੈ ।

# ਨਿਊ ਸਟਾਈਲ ਮਾਡਲ ਟੈੱਸਟ ਪੇਪਰ—2

**1. ਉੱਤਰ—**

(*i*) (ੲ) ਕੋਮਲ ਸੁੰਦਰਤਾ ਕਰਕੇ ।
(*ii*) (ੲ) ਪੌੜੀਦਾਰ ।
(*iii*) (ਅ) ਧੌਲਾਧਾਰ ਦੇ ।
(*iv*) (ੳ) ਗੱਦੀ ।
(*v*) (ੳ) ਕਾਂਗੜੇ ਦੀ ।
(*vi*) (ਅ) ਦੋ ਸੌ ਸਾਲ ।
(*vii*) (ੳ) ਕਾਂਗੜੇ ਦੀ ।
(*viii*) (ੳ) ਕਾਂਗੜੇ ਦੀ ਵਾਦੀ ।

**2. ਉੱਤਰ—**

ਪਿੰਡ ਤੇ ਡਾਕ: ਚੂਹੜਵਾਲੀ,
ਜ਼ਿਲ੍ਹਾ ਜਲੰਧਰ ।
25 ਮਾਰਚ, 20....

ਜ਼ਿਲ੍ਹਾ ਅਫ਼ਸਰ,
ਜ਼ਿਲ੍ਹਾ ਮੱਛੀ ਪਾਲਣ ਵਿਭਾਗ, ਪੰਜਾਬ,
ਜਲੰਧਰ ।

**ਵਿਸ਼ਾ**—ਮੱਛੀ ਪਾਲਣ ਦਾ ਕਿੱਤਾ ਅਪਣਾਉਣ ਵਾਲੇ ਵਿਅਕਤੀ ਨੂੰ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਸਹਾਇਤਾ ਬਾਰੇ ਜਾਣਕਾਰੀ ।
ਸ੍ਰੀਮਾਨ ਜੀ,
ਬੇਨਤੀ ਹੈ ਕਿ ਮੈਂ ਬੀ. ਏ. ਪਾਸ ਇਕ ਪੜ੍ਹਿਆ-ਲਿਖਿਆ ਬੇਰੁਜ਼ਗਾਰ ਨੌਜਵਾਨ ਹਾਂ । ਨੌਕਰੀ ਨਾ ਮਿਲਣ ਕਰਕੇ ਮੈਂ ਮੱਛੀ ਪਾਲਣ ਦਾ ਕੰਮ ਆਰੰਭ ਕਰਨ ਦਾ ਵਿਚਾਰ ਬਣਾਇਆ ਹੈ । ਇਸ ਸੰਬੰਧੀ ਮੇਰੇ ਕੋਲ ਹੇਠ ਲਿਖੀਆਂ ਸਹੂਲਤਾਂ ਹਨ :

(*i*) ਮੇਰੇ ਕੋਲ ਚਾਰ ਏਕੜ ਨੀਵੀਂ ਜ਼ਮੀਨ ਹੈ, ਜੋ ਕਿ ਨਹਿਰੀ ਸੂਏ ਦੇ ਨਾਲ ਲਗਦੀ ਹੈ ।
(*ii*) ਮੇਰੇ ਕੋਲ ਖ਼ਰਚ ਕਰਨ ਲਈ ਦੋ ਲੱਖ ਰੁਪਏ ਹਨ ।
(*iii*) ਮੈਂ ਆਪਣੇ ਫ਼ਾਰਮ ਵਿਚ ਪੈਦਾ ਹੋਈ ਮੱਛੀ ਨੂੰ ਜਲੰਧਰ ਤੇ ਹੁਸ਼ਿਆਰਪੁਰ ਸ਼ਹਿਰਾਂ ਤੋਂ ਇਲਾਵਾ ਬਹੁਤ ਸਾਰੇ ਕਸਬਿਆਂ ਨੂੰ ਵੀ ਸਪਲਾਈ ਕਰ ਸਕਦਾ ਹਾਂ ।

ਮੈਨੂੰ ਉਮੀਦ ਹੈ ਕਿ ਮੈਂ ਇਕ ਸਫਲ ਮੱਛੀ-ਉਤਪਾਦਕ ਸਿੱਧ ਹੋ ਸਕਦਾ ਹਾਂ । ਕਿਰਪਾ ਕਰ ਕੇ ਮੈਨੂੰ ਜਾਣਕਾਰੀ ਦਿੱਤੀ ਜਾਵੇ ਕਿ ਇਹ ਕੰਮ ਸ਼ੁਰੂ ਕਰਨ ਲਈ ਸਰਕਾਰ ਮੈਨੂੰ ਕੀ ਸਿਖਲਾਈ ਦੇ ਸਕਦੀ ਹੈ ਤੇ ਕਿੰਨੀ ਸਬਸਿਡੀ ਦੇਵੇਗੀ ਤੇ ਉਸ ਦੀਆਂ ਸ਼ਰਤਾਂ ਕੀ ਹੋਣਗੀਆਂ । ਜਲਦੀ ਉੱਤਰ ਦੀ ਉਡੀਕ ਵਿਚ ।

ਆਪ ਦਾ ਵਿਸ਼ਵਾਸ-ਪਾਤਰ,
ਕੁਲਵੰਤ ਸਿੰਘ,
ਸਪੁੱਤਰ ਸ: ਸੇਵਾ ਸਿੰਘ ।
ਮੋਬਾਈਲ .............

*ਜਾਂ*

**ਉੱਤਰ—**

885, ਗੁਰੂ ਤੇਗ਼ ਬਹਾਦਰ ਨਗਰ,
ਜਲੰਧਰ ।
ਮਿਤੀ 12 ਜਨਵਰੀ, 20....

ਮਾਡਰਨ ਟੈਂਟ ਹਾਊਸ,
ਜੀ. ਟੀ. ਰੋਡ,
ਜਲੰਧਰ ।

**ਵਿਸ਼ਾ**—ਵਿਆਹ ਲਈ ਲਏ ਜਾਣ ਵਾਲੇ ਸਮਾਨ ਦੇ ਕਿਰਾਏ ਸੰਬੰਧੀ ।
ਸ੍ਰੀਮਾਨ ਜੀ,
25 ਜਨਵਰੀ, 20... ਨੂੰ ਸਾਡੇ ਘਰ ਵਿੱਚ ਲੜਕੀ ਦਾ ਵਿਆਹ ਹੈ । ਇਸ ਸੰਬੰਧੀ ਸਾਨੂੰ ਹੇਠ ਲਿਖੇ ਸਮਾਨ ਦੀ ਜ਼ਰੂਰਤ ਹੈ—
ਕੋਠੀ ਦੀ ਸਜਾਵਟ ਲਈ ਫੁੱਲਾਂ ਤੇ ਬਿਜਲੀ ਦੀ ਰੌਸ਼ਨੀ ਦੀਆਂ ਲੜੀਆਂ, 300 ਕੱਪ ਤੇ 300 ਪਲੇਟਾਂ, 50 ਡਾਇਨਿੰਗ ਸੈੱਟ, 300 ਗਲਾਸ, 300 ਕੁਰਸੀਆਂ 'ਤੇ 2000 ਵਰਗ ਫੁੱਟ ਜਗ੍ਹਾ ਵਿੱਚ ਲਾਉਣ ਲਈ ਨਵਾਂ ਸ਼ਾਮਿਆਨਾ ਤੇ 300 ਆਦਮੀਆਂ ਨੂੰ ਖਾਣਾ ਖੁਆਉਣ ਲਈ ਬਹਿਰਿਆਂ ਦੀ ਸੇਵਾ ।
ਕਿਰਪਾ ਕਰ ਕੇ ਸਾਨੂੰ ਪੂਰੇ ਵੇਰਵੇ ਸਹਿਤ ਦੱਸੋ ਕਿ ਉਪਰੋਕਤ ਸਾਮਾਨ ਉੱਤੇ ਕਿੰਨਾ ਖ਼ਰਚ ਹੋਣ ਦਾ ਅਨੁਮਾਨ ਹੈ, ਤਾਂ ਜੋ ਇਸ ਸੰਬੰਧੀ ਤੁਹਾਡੇ ਨਾਲ ਗੱਲ-ਬਾਤ ਪੱਕੀ ਕੀਤੀ ਜਾ ਸਕੇ ।
ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,
ਗੁਰਤੇਜ ਸਿੰਘ ।
ਮੋਬਾਈਲ .............

**3. ਉੱਤਰ—**

## ਮਿਲਵਰਤਨ

ਮਨੁੱਖ ਇਕ ਸਮਾਜਿਕ ਜੀਵ ਹੈ ਅਤੇ ਮਨੁੱਖੀ ਸਮਾਜ ਵਿਚ ਮਿਲਵਰਤਨ ਦੀ ਭਾਰੀ ਮਹਾਨਤਾ ਹੈ । ਅਸਲ ਵਿਚ ਸਮਾਜ ਦੀ ਹੋਂਦ ਹੀ ਮਨੁੱਖਾਂ

HOLY FAITH INTERNATIONAL (P) LTD.

ਦੇ ਆਪਣੇ ਮਿਲਵਰਤਨ ਤੋਂ ਉਪਜੀ ਹੈ । ਸਾਨੂੰ ਆਪਣੇ ਪਰਿਵਾਰ, ਸਕੇ-ਸੰਬੰਧੀਆਂ, ਮਿੱਤਰਾਂ-ਦੋਸਤਾਂ, ਗੁਆਂਢੀਆਂ, ਸਹਿਪਾਠੀਆਂ ਤੇ ਸਹਿਯੋਗੀਆਂ ਨਾਲ ਮਿਲਵਰਤਨ ਦੀ ਥਾਂ-ਥਾਂ 'ਤੇ ਜ਼ਰੂਰਤ ਪੈਂਦੀ ਹੈ । ਇਕ-ਦੂਸਰੇ ਦੀ ਮਿਲਵਰਤਨ ਤੋਂ ਬਗ਼ੈਰ ਸਾਡੀ ਯੋਗਤਾ ਤੇ ਸਮਰੱਥਾ ਨਕਾਰੀ ਹੋ ਕੇ ਰਹਿ ਜਾਂਦੀ ਹੈ । ਜੇਕਰ ਅਸੀਂ ਆਪਣੇ ਆਲੇ-ਦੁਆਲੇ ਵਸਦੇ ਲੋਕਾਂ ਨਾਲ ਮਿਲਵਰਤਨ ਨਾ ਕਰੀਏ, ਜਾਂ ਉਹ ਸਾਡੇ ਨਾਲ ਮਿਲਵਰਤਨ ਨਾ ਕਰਨ, ਤਾਂ ਸਾਡਾ ਜੀਉਣਾ ਦੁੱਭਰ ਹੋ ਜਾਵੇ । ਅਸੀਂ ਦੂਸਰੇ ਲੋਕਾਂ ਨੂੰ ਮਿਲਵਰਤਨ ਦੇ ਕੇ ਤੇ ਉਨ੍ਹਾਂ ਦੀ ਮਿਲਵਰਤਨ ਲੈ ਕੇ ਹੀ ਆਪਣੇ ਜੀਵਨ ਦੀ ਗੱਡੀ ਚਲਾ ਸਕਦੇ ਹਾਂ । ਜੇਕਰ ਅਸੀਂ ਕਿਸੇ ਦੇ ਕੰਮ ਵਿਚ ਰੁਕਾਵਟ ਪਾਈਏ, ਜਾਂ ਆਪਣੀ ਮਨ-ਮਰਜ਼ੀ ਚਲਾਈਏ, ਤਾਂ ਅਸੀਂ ਨਾ ਕੇਵਲ ਦੂਜਿਆਂ ਲਈ, ਸਗੋਂ ਆਪਣੇ ਲਈ ਵੀ ਮੁਸੀਬਤਾਂ ਖੜ੍ਹੀਆਂ ਕਰਦੇ ਹਾਂ । ਮਿਲਵਰਤਨ ਨਾਲ ਅਸੀਂ ਆਪਣੇ ਪਰਿਵਾਰਿਕ ਸੁਖ ਤੇ ਆਮਦਨ ਵਿਚ ਵਾਧਾ ਕਰ ਸਕਦੇ ਹਾਂ ਅਤੇ ਔਕੜਾਂ ਤੇ ਮੁਸੀਬਤਾਂ ਦਾ ਵਧੇਰੇ ਸਫਲਤਾ ਨਾਲ ਟਾਕਰਾ ਕਰ ਸਕਦੇ ਹਾਂ । ਇਸੇ ਪ੍ਰਕਾਰ ਗੁਆਂਢੀਆਂ, ਸਹਿਪਾਠੀਆਂ ਤੇ ਸਹਿਯੋਗੀਆਂ ਨਾਲ ਮਿਲਵਰਤਨ ਕਰ ਕੇ ਅਸੀਂ ਦੂਜਿਆਂ ਦੇ ਜੀਵਨ ਵਿਚ ਵੀ ਸਰਲਤਾ ਪੈਦਾ ਕਰ ਸਕਦੇ ਹਾਂ ਤੇ ਆਪਣੇ ਵਿਚ ਵੀ । ਮਿਲ ਕੇ ਕੀਤੇ ਕੰਮ ਇਕ ਤਾਂ ਛੇਤੀ ਮੁੱਕਦੇ ਹਨ, ਦੂਸਰੇ ਉਨ੍ਹਾਂ ਉੱਪਰ ਸ਼ਕਤੀ ਘੱਟ ਲਗਦੀ ਹੈ, ਤੀਸਰੇ ਮਨ ਵਿਚ ਆਸ਼ਾਵਾਦ ਤੇ ਪ੍ਰਸੰਨਤਾ ਪੈਦਾ ਹੁੰਦੀ ਹੈ । ਇਸ ਕਰਕੇ ਸਾਨੂੰ ਸਧਾਰਨ ਜਾਂ ਔਖੇ ਕੰਮਾਂ ਵਿਚ ਅਤੇ ਦੁੱਖ-ਸੁਖ ਤੇ ਜ਼ਿੰਮੇਵਾਰੀਆਂ ਨਿਭਾਉਣ ਵਿਚ ਇਕ-ਦੂਜੇ ਨੂੰ ਵੱਧ ਤੋਂ ਵੱਧ ਮਿਲਵਰਤਨ ਦੇਣੀ ਚਾਹੀਦੀ ਹੈ ।

***ਜਾਂ***

## ਬਚਾਓ ਵਿਚ ਹੀ ਬਚਾਓ ਹੈ

ਵੱਡੀਆਂ ਸੜਕਾਂ ਉੱਤੇ ਹਰ ਪੰਜ-ਸੱਤ ਕਿਲੋਮੀਟਰ ਤੋਂ ਬਾਅਦ 'ਬਚਾਓ ਵਿਚ ਹੀ ਬਚਾਓ ਹੈ' ਦਾ ਬੋਰਡ ਲੱਗਾ ਹੁੰਦਾ ਹੈ, ਜਿਸ ਨੂੰ ਪੜ੍ਹ ਕੇ ਸੜਕ ਉੱਪਰ ਚਲ ਰਿਹਾ ਹਰ ਬੰਦਾ, ਚਾਹੇ ਉਹ ਪੈਦਲ ਜਾ ਰਿਹਾ ਹੋਵੇ, ਸਕੂਟਰ ਜਾਂ ਮੋਟਰ ਸਾਇਕਲ ਉੱਤੇ ਹੋਵੇ ਜਾਂ ਕਾਰ ਚਲਾ ਰਿਹਾ ਹੋਵੇ, ਜ਼ਰਾ ਸਾਵਧਾਨ ਹੋ ਕੇ ਆਪਣੀ ਗੱਡੀ ਚਲਾਉਣ ਲਗਦਾ ਹੈ । ਅਜਿਹੀ ਸਾਵਧਾਨੀ ਬੱਸਾਂ ਤੇ ਟਰੱਕਾਂ ਦੇ ਡਰਾਈਵਰਾਂ ਦੇ ਮਨਾਂ ਵਿਚ ਵੀ ਜ਼ਰੂਰ ਉੱਸਲਵੱਟੇ ਲੈਣ ਲਗਦੀ ਹੋਵੇਗੀ, ਪਰ ਬਹੁਤੀ ਚਿੰਤਾ ਦੋ, ਤਿੰਨ ਜਾਂ ਚਾਰ-ਪਹੀਆ ਛੋਟਾ ਵਾਹਨ ਚਲਾਉਣ ਵਾਲੇ ਦੇ ਮਨ ਨੂੰ ਵਧੇਰੇ ਖੁਰਚਦੀ ਹੈ । ਇਨ੍ਹਾਂ ਸ਼ਬਦਾਂ ਦਾ ਅਰਥ ਹੈ ਕਿ ਸੜਕ ਉੱਪਰ ਜੇਕਰ ਅਸੀਂ ਪੈਦਲ ਜਾਂ ਕਿਸੇ ਵਾਹਨ ਉੱਤੇ ਜਾ ਰਹੇ ਹੋਈਏ, ਤਾਂ ਅਸੀਂ ਦੁਰਘਟਨਾ ਤੋਂ ਤਾਂ ਹੀ ਬਚ ਸਕਦੇ ਹਾਂ, ਜੇਕਰ ਅਸੀਂ ਆਪਣਾ ਬਚਾ ਆਪ ਕਰੀਏ । ਆਪਣਾ ਬਚਾ ਆਪ ਕਰਨ ਲਈ ਜ਼ਰੂਰੀ ਹੈ ਕਿ ਅਸੀਂ ਸਾਵਧਾਨ ਹੋ ਕੇ ਤੇ ਟ੍ਰੈਫ਼ਿਕ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣਾ ਵਾਹਨ ਚਲਾਈਏ । ਪਹਿਲੀ ਗੱਲ ਇਹ ਹੈ ਕਿ ਸੜਕ ਉੱਤੇ ਚੜ੍ਹਨ ਤੋਂ ਪਹਿਲਾਂ ਸਾਨੂੰ ਆਪਣੇ ਵਾਹਨ ਦਾ ਤੇਲ, ਬ੍ਰੇਕ ਤੇ ਟਾਇਰਾਂ ਦੀ ਹਵਾ ਤੇ ਹਾਲਤ ਆਦਿ ਸਭ ਦੀ ਜਾਂਚ ਕਰ ਲੈਣੀ ਚਾਹੀਦੀ ਹੈ । ਦੂਜੀ ਗੱਲ ਇਹ ਹੈ ਕਿ ਸਾਨੂੰ ਆਪਣੇ ਵਾਹਨ ਦੀ ਸਪੀਡ ਓਨੀ ਹੀ ਰੱਖਣੀ ਚਾਹੀਦੀ ਹੈ, ਜਿੰਨੀ ਕਿਸੇ ਸੜਕ ਉੱਤੇ ਚੱਲਣ ਲਈ ਮਿੱਥੀ ਗਈ ਹੋਵੇ । ਤੀਸਰੇ ਸਾਨੂੰ ਕਿਸੇ ਤੋਂ ਅੱਗੇ ਲੰਘਣ ਸਮੇਂ ਸਾਈਡ ਦਾ ਪੂਰਾ-ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ ਤੇ ਅਗਲੇ ਨੂੰ ਹਾਰਨ ਦੇ ਕੇ ਅੱਗੇ ਲੰਘਣਾ ਚਾਹੀਦਾ ਹੈ । ਚੌਥੇ ਸਾਨੂੰ ਰਾਤੀਂ ਡਿੱਪਰ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ । ਪੰਜਵੇਂ ਸੜਕ ਉੱਤੇ ਥਾਂ-ਥਾਂ ਲੱਗੇ ਨਿਸ਼ਾਨਾਂ, ਸਪੀਡ ਬਰੇਕਰਾਂ ਤੇ ਇਸ਼ਾਰਿਆਂ ਦਾ ਪੂਰਾ-ਪੂਰਾ ਖਿਆਲ ਰੱਖਣਾ ਚਾਹੀਦਾ ਹੈ । ਜੇਕਰ ਕੋਈ ਵਾਹਨ ਅੱਗੇ ਲੰਘਣਾ ਚਾਹੇ, ਤਾਂ ਆਪਣੀ ਸਪੀਡ ਘਟਾ ਕੇ ਉਸ ਨੂੰ ਸਾਈਡ ਦੇਣੀ ਚਾਹੀਦੀ ਹੈ । ਇਸ ਦੇ ਨਾਲ ਹੀ ਪਿਛਲੀ ਸੜਕ ਤੇ ਵਾਹਨ ਦੇਖਣ ਲਈ ਸਾਹਮਣੇ ਸ਼ੀਸ਼ੇ ਵਲ ਵੀ ਪੂਰਾ-ਪੂਰਾ ਧਿਆਨ ਰੱਖਣਾ ਚਾਹੀਦਾ ਹੈ । ਚੌਂਕਾਂ ਨੂੰ ਕਰਾਸ ਕਰਦੇ ਸਮੇਂ ਸਿਪਾਹੀ ਦੇ ਇਸ਼ਾਰੇ ਜਾਂ ਲਾਲ ਤੇ ਹਰੀ ਬੱਤੀ ਦਾ ਧਿਆਨ ਕਰਨਾ ਚਾਹੀਦਾ ਹੈ । ਜੇਕਰ ਅਸੀਂ ਅਜਿਹਾ ਨਹੀਂ ਕਰਾਂਗੇ, ਤਾਂ ਅਸੀਂ ਦੁਰਘਟਨਾ ਦੇ ਸ਼ਿਕਾਰ ਹੋ ਜਾਵਾਂਗੇ ਤੇ ਸਾਡਾ ਕੋਈ ਬਚਾਓ ਨਹੀਂ ਹੋ ਸਕੇਗਾ ।

**4. ਉੱਤਰ—**

(*i*) ਅਫ਼ਸੋਸ ! ਤੁਹਾਡੇ ਪਿਤਾ ਜੀ ਨਹੀਂ ਰਹੇ ।

(*ii*) ਬੂਟਿਆਂ ਨੂੰ ਮਾਲੀ ਦੁਆਰਾ ਪਾਣੀ ਦਿੱਤਾ ਗਿਆ ।

(*iii*) ਜੇਕਰ ਕਸਰਤ ਕਰੋਗੇ, ਤਾਂ ਸਿਹਤਮੰਦ ਰਹੋਗੇ ।

(*iv*) ਆਪਣਾ ਪਤਾ ਦੱਸੋ ।

**5. ਉੱਤਰ—**

***(i)*** **ਹੱਥ ਨੂੰ ਹੱਥ ਧੋਂਦਾ ਹੈ** (ਆਪਸੀ ਸਹਿਯੋਗ ਦੀ ਸਿੱਖਿਆ ਦੇਣ ਲਈ ਇਹ ਅਖਾਣ ਵਰਤੀ ਜਾਂਦੀ ਹੈ ।)—ਜਦੋਂ ਤੁਸੀਂ ਕਿਸੇ ਓਪਰੀ ਥਾਂ ਚਲੇ ਜਾਵੋ, ਤਾਂ ਤੁਹਾਨੂੰ ਦੂਜਿਆਂ ਦੀ ਲੋੜ ਬੜੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ । ਇਕੱਲਾ ਤਾਂ ਉਹ ਕੁੱਝ ਵੀ ਨਹੀਂ ਕਰ ਸਕਦਾ । ਇਸ ਤਰ੍ਹਾਂ ਸਮਾਜ ਵਿਚ ਹਰ ਬੰਦਾ ਇਕ-ਦੂਜੇ ਦੇ ਕੰਮ ਆਉਂਦਾ ਹੈ, ਤਾਂ ਕੰਮ ਚਲਦਾ ਹੈ । ਸਿਆਣਿਆਂ ਨੇ ਠੀਕ ਕਿਹਾ ਹੈ, 'ਹੱਥ ਨੂੰ ਹੱਥ ਧੋਂਦਾ ਹੈ ।'

***(ii)*** **ਕੁੱਤਾ ਭੌਂਕੇ, ਬੱਦਲ ਗੱਜੇ, ਨਾ ਉਹ ਵੱਢੇ, ਨਾ ਉਹ ਵੱਸੇ** (ਇਹ ਅਖਾਣ ਬਹੁਤਾ ਰੌਲਾ ਪਾਉਣ ਵਾਲੇ ਤੇ ਕੰਮ ਕੁੱਝ ਵੀ ਨਾ ਕਰਨ ਵਾਲੇ ਲਈ ਵਰਤੀ ਜਾਂਦੀ ਹੈ ।)—ਰਾਜਨੀਤਿਕ ਲੀਡਰ ਭਾਸ਼ਨ ਬਹੁਤ ਦਿੰਦੇ ਹਨ ਤੇ ਲੋਕ-ਹਿੱਤ ਦੀਆਂ ਗੱਲਾਂ ਵੀ ਬਹੁਤ ਕਰਦੇ ਹਨ, ਪਰ ਕਰਦੇ ਕੁੱਝ ਨਹੀਂ । ਸਿਆਣੇ ਠੀਕ ਕਹਿੰਦੇ ਹਨ, 'ਕੁੱਤਾ ਭੌਂਕੇ, ਬਦਲ ਗੱਜੇ, ਨਾ ਉਹ ਵੱਢੇ, ਨਾ ਉਹ ਵੱਸੇ ।'

***(iii)*** **ਖਿੱਦੋ ਫੋਲਿਆਂ ਲੀਰਾਂ ਹੀ ਨਿਕਲਣੀਆਂ ਹਨ** (ਪੁਰਾਣੀਆਂ ਗੱਲਾਂ ਕਰਨ ਦਾ ਨੁਕਸਾਨ ਹੀ ਹੁੰਦਾ ਹੈ ।)—ਮੈਂ ਦੋਹਾਂ ਭਰਾਵਾਂ ਵਿਚ ਜ਼ਮੀਨ ਦੇ ਝਗੜੇ ਦਾ ਫ਼ੈਸਲਾ ਕਰਾਉਣ ਮਗਰੋਂ ਕਿਹਾ ਕਿ ਹੁਣ ਜੇ ਉਨ੍ਹਾਂ ਪਿਆਰ ਨਾਲ ਰਹਿਣਾ ਹੈ, ਤਾਂ ਕੋਈ ਕਿਸੇ ਨੂੰ ਪੁਰਾਣੀ ਗੱਲ ਨਾ ਚਿਤਾਰੇ ਕਿਉਂਕਿ 'ਖਿੱਦੋ ਫੋਲਿਆਂ ਲੀਰਾਂ ਹੀ ਨਿਕਲਣੀਆਂ ਹਨ ।'

***(iv)*** **ਜਾਂ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ** (ਕਿਸੇ ਬੰਦੇ ਦੇ ਸਹੀ ਚਰਿੱਤਰ ਦਾ ਉਦੋਂ ਪਤਾ ਲਗਦਾ ਹੈ, ਜਦੋਂ ਉਸ ਨਾਲ ਵਾਹ ਪਵੇ ।)— ਅੱਜ-ਕਲ੍ਹ ਮੁੰਡਾ ਕੁੜੀ ਇਕ-ਦੂਜੇ ਨੂੰ ਦੇਖ ਕੇ ਵਿਆਹ ਕਰਨ ਦੀਆਂ ਗੱਲਾਂ ਕਰਦੇ ਤਾਂ ਹਨ, ਪਰ ਦੋ ਘੜੀਆਂ ਦੀ ਮਿਲਣੀ ਵਿਚ ਤੁਸੀਂ ਕਿਸੇ ਬਾਰੇ ਕੀ ਜਾਣ ਸਕਦੇ ਹੋ ? ਸਿਆਣੇ ਕਹਿੰਦੇ ਹਨ, 'ਜਾਂ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ ।' ਅਗਲੇ ਬਾਰੇ ਸਹੀ ਪਤਾ ਤਾਂ ਉਦੋਂ ਹੀ ਲਗਦਾ ਹੈ, ਜਦੋਂ ਉਹ ਵਿਆਹ ਪਿੱਛੋਂ ਇਕੱਠੇ ਰਹਿੰਦੇ ਹਨ ।

HOLY FAITH INTERNATIONAL (P) LTD.

(*v*) **ਬੇਗਾਨਾ ਮਹਿਲ ਦੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ** (ਆਸਰਾ ਬਣਨ ਵਾਲੀ ਆਪਣੀ ਮਾੜੀ ਚੀਜ਼ ਨਾਲ ਹੀ ਸਬਰ ਕਰਨ ਦੀ ਸਿੱਖਿਆ ਦੇਣ ਲਈ ਇਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ ।)–ਜਦੋਂ ਮੇਰੇ ਪੁੱਤਰ ਨੇ ਮੈਨੂੰ ਕਿਹਾ ਕਿ ਉਸ ਨੇ ਆਪਣਾ ਸਾਈਕਲ ਵੇਚ ਦੇਣਾ ਹੈ ਤੇ ਗੁਆਂਢੀਆਂ ਦੇ ਮੁੰਡੇ ਵਰਗਾ ਸਕੂਟਰ ਲੈਣਾ ਹੈ, ਤਾਂ ਮੈਂ ਕਿਹਾ, ''ਪੁੱਤਰ, ਬੇਗਾਨਾ ਮਹਿਲ ਦੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ ।'' ਜਦੋਂ ਪੈਸੇ ਆਉਣਗੇ, ਮੈਂ ਤੈਨੂੰ ਆਪੇ ਸਕੂਟਰ ਲੈ ਦੇਣਾ ਹੈ ।''

(*vi*) **ਅੰਨ੍ਹਾ ਵੰਡੇ ਰਿਉੜੀਆਂ, ਮੁੜ-ਮੁੜ ਆਪਣਿਆਂ ਨੂੰ** (ਮਹੱਤਵਪੂਰਨ ਅਹੁਦਿਆਂ 'ਤੇ ਬੈਠ ਕੇ ਆਪਣੀ ਤਾਕਤ ਦਾ ਲਾਭ ਕੇਵਲ ਆਪਣੇ ਮਿੱਤਰ-ਸੰਬੰਧੀਆਂ ਨੂੰ ਪੁਚਾਉਣਾ ।)–ਸਾਡੇ ਦੇਸ਼ ਦੇ ਵਰਤਮਾਨ ਭ੍ਰਿਸ਼ਟ ਰਾਜ-ਪ੍ਰਬੰਧ ਵਿੱਚ ਯੋਗਤਾ-ਪ੍ਰਾਪਤ ਤੇ ਨਿਪੁੰਨ ਵਿਅਕਤੀਆਂ ਨੂੰ ਤਾਂ ਕੋਈ ਪੁੱਛਦਾ ਨਹੀਂ, ਸਗੋਂ ਉੱਚੇ ਰਾਜਨੀਤਿਕ ਅਹੁਦਿਆਂ ਉੱਤੇ ਬੈਠੇ ਲੋਕ ਆਪਣਿਆਂ ਚਾਚਿਆਂ-ਭਤੀਜਿਆਂ ਨੂੰ ਹੀ ਨੌਕਰੀਆਂ 'ਤੇ ਲਾਉਂਦੇ ਅਤੇ ਬੋਰਡਾਂ ਤੇ ਕਮੇਟੀਆਂ ਦੇ ਚੇਅਰਮੈਨ ਬਣਾਉਂਦੇ ਹਨ । ਇੱਥੇ ਤਾਂ ਉਹ ਗੱਲ ਹੈ, ਅਖੇ, 'ਅੰਨ੍ਹਾ ਵੰਡੇ ਰਿਉੜੀਆਂ ਮੁੜ-ਮੁੜ ਆਪਣਿਆਂ ਨੂੰ ।'

**6. ਉੱਤਰ**–

**ਕੀ ਉਹ ਹੁਸਨ ................. ਜੋ ਪਲਦਾ ।**

**ਪ੍ਰਸੰਗ**–ਇਹ ਕਾਵਿ-ਟੋਟਾ 'ਲਾਜ਼ਮੀ ਪੰਜਾਬੀ-12' ਪਾਠ-ਪੁਸਤਕ ਵਿਚ ਦਰਜ ਪ੍ਰੋ: ਮੋਹਨ ਸਿੰਘ ਦੀ ਲਿਖੀ ਹੋਈ ਕਵਿਤਾ 'ਤਾਜ ਮਹੱਲ' ਵਿਚੋਂ ਲਿਆ ਗਿਆ ਹੈ । ਇਸ ਕਵਿਤਾ ਵਿਚ ਕਵੀ ਨੇ ਤਾਜ ਮਹੱਲ ਦੀ ਸੁੰਦਰਤਾ ਪ੍ਰਤੀ ਆਪਣੇ ਰਵੱਈਏ ਨੂੰ ਬਿਆਨ ਕੀਤਾ ਹੈ । ਇਨ੍ਹਾਂ ਸਤਰਾਂ ਵਿਚ ਕਵੀ ਤਾਜ ਮਹੱਲ ਦੀ ਸੁੰਦਰਤਾ ਨੂੰ ਇਕ ਧੋਖਾ ਕਰਾਰ ਦਿੰਦਾ ਹੈ ।

**ਵਿਆਖਿਆ**–ਕਵੀ ਲਿਖਦਾ ਹੈ ਕਿ ਜਦੋਂ ਉਸ ਨੇ ਤਾਜ ਮਹੱਲ ਦੀ ਉਸਾਰੀ ਕਰਨ ਵਾਲੇ ਮਜ਼ਦੂਰਾਂ ਤੇ ਮਜ਼ਦੂਰਨੀਆਂ ਉੱਪਰ ਹੁੰਦੇ ਜ਼ੁਲਮ ਦੀ ਝਾਕੀ ਵੇਖੀ, ਤਾਂ ਪੀੜ ਨਾਲ ਤੜਫ ਕੇ ਉਸ ਦੀ ਰੂਹ ਕੁਰਲਾ ਕੇ ਪੁਕਾਰ ਉੱਠੀ ਕਿ ਕੀ ਉਹ ਹੁਸਨ ਸੱਚਮੁੱਚ ਦਾ ਹੁਸਨ ਹੈ ਜਾਂ ਇਕ ਧੋਖਾ ਹੈ, ਜਿਹੜਾ ਹੁਸਨ ਲੱਖਾਂ ਗ਼ਰੀਬ ਮਜ਼ਦੂਰਾਂ ਦੇ ਹੰਝੂਆਂ 'ਤੇ ਪਲਦਾ ਹੈ । ਅਰਥਾਤ ਅਜਿਹੇ ਹੁਸਨ ਨੂੰ ਸੱਚਮੁੱਚ ਦਾ ਹੁਸਨ ਨਹੀਂ ਕਿਹਾ ਜਾ ਸਕਦਾ, ਜੋ ਲੱਖਾਂ ਗ਼ਰੀਬ ਮਜ਼ਦੂਰਾਂ ਦੇ ਹੌਂਕਿਆਂ ਤੋਂ ਉਪਜਿਆ ਹੋਵੇ ।

***ਜਾਂ***

**ਕਦੀ ਕਦੀ ਮੇਰੀ ........... ਨਿਕਰਮਣ ਮਾਂਵਾਂ ।**

**ਪ੍ਰਸੰਗ**–ਇਹ ਕਾਵਿ-ਟੋਟਾ 'ਲਾਜ਼ਮੀ ਪੰਜਾਬੀ-12' ਪਾਠ-ਪੁਸਤਕ ਵਿਚ ਦਰਜ ਡਾ: ਹਰਿਭਜਨ ਸਿੰਘ ਦੀ ਲਿਖੀ ਹੋਈ ਕਵਿਤਾ 'ਮੇਰਾ ਬਚਪਨ' ਵਿਚੋਂ ਲਿਆ ਗਿਆ ਹੈ । ਇਸ ਕਵਿਤਾ ਵਿਚ ਕਵੀ ਨੇ ਇਕ ਅਜਿਹੇ ਬੱਚੇ ਦੀ ਮਨੋਦਸ਼ਾ ਨੂੰ ਬਿਆਨ ਕੀਤਾ ਹੈ, ਜਿਸ ਦਾ ਪਿਤਾ ਬਚਪਨ ਵਿਚ ਹੀ ਮਰ ਗਿਆ ਸੀ ਅਤੇ ਉਹ ਸਧਾਰਨ ਬੱਚਿਆਂ ਵਾਂਗ ਆਪਣਾ ਬਚਪਨ ਨਹੀਂ ਭੋਗ ਸਕਿਆ । ਉਸ ਦੀ ਮਾਂ ਉਸ ਨੂੰ ਮਿਹਨਤ ਮਜ਼ਦੂਰੀ ਕਰ ਕੇ ਪਾਲਦੀ ਸੀ ਤੇ ਆਪਣੇ ਬੱਚੇ ਦੀ ਸੰਭਾਲ ਕਰਦੀ ਸੀ । ਲੋਕ ਉਸ ਨੂੰ ਮੈਲੀ ਨਜ਼ਰ ਨਾਲ ਦੇਖਦੇ ਸਨ । ਇਸ ਤਰ੍ਹਾਂ ਉਹ ਸਮੇਂ ਤੋਂ ਪਹਿਲਾਂ ਹੀ ਕਾਫ਼ੀ ਸਮਝਦਾਰ ਹੋ ਗਿਆ ਸੀ । ਵਡੇਰੀ ਉਮਰ ਦਾ ਹੋਣ 'ਤੇ ਉਸ ਨੂੰ ਦੁੱਖ ਹੈ ਕਿ ਉਸ ਦੀ ਮਾਸੂਮੀਅਤ ਉਸ ਪਾਸੋਂ ਗੁਆਚ ਗਈ ਹੈ । ਪਿਤਾਹੀਨ ਹੋਣ ਕਾਰਨ ਬਚਪਨ ਦੀ ਮਾਸੂਮੀਅਤ ਤੋਂ ਵਾਂਝਿਆਂ ਰਹਿ ਜਾਣ ਦਾ ਝੋਰਾ ਹੀ ਇਸ ਕਵਿਤਾ ਦਾ ਮੂਲ ਪ੍ਰੇਰਨਾ ਸਰੋਤ ਹੈ ।

**ਵਿਆਖਿਆ**–ਬਚਪਨ ਤੋਂ ਹੀ ਪਿਤਾਹੀਨ ਹੋਇਆ ਬੱਚਾ ਵਡੇਰੀ ਉਮਰ ਵਿਚ ਪਹੁੰਚ ਕੇ ਆਪਣੇ ਬੀਤੇ ਜੀਵਨ ਨੂੰ ਚੇਤੇ ਕਰਦਾ ਹੋਇਆ ਕਹਿੰਦਾ ਹੈ ਕਿ ਰਾਤੀਂ ਕੰਮ ਦੇ ਥਕੇਵੇਂ ਨਾਲ ਥੱਕੀ ਹੋਈ ਉਸ ਦੀ ਮਾਂ ਉਸ ਨੂੰ ਰਾਜੇ ਰਾਣੀ ਦੀ ਕਹਾਣੀ ਸੁਣਾਉਣ ਦੀ ਥਾਂ ਕਹਿੰਦੀ ਹੁੰਦੀ ਸੀ ਕਿ ਹੇ ਮੇਰੇ ਪੁੱਤਰ ! ਤੂੰ ਮੇਰੇ ਦੁੱਖ-ਦਰਦ ਦਾ ਹਾਣੀ ਹੈਂ । ਤੂੰ ਮੇਰੀ ਹਿੱਕ ਨਾਲ ਲੱਗ ਕੇ ਸੌਂ ਜਾ । ਜਿੱਥੇ ਤੇਰਾ ਬਾਪ ਗਿਆ ਹੈ, ਉਸ ਥਾਂ 'ਤੇ ਤਾਂ ਕੋਈ ਪਾਪੀ ਵੀ ਨਾ ਜਾਵੇ । ਮੇਰੇ ਬੂਟਿਆ ! ਤੂੰ ਛੇਤੀ-ਛੇਤੀ ਜਵਾਨ ਹੋ ਜਾ, ਤਾਂ ਜੋ ਮੈਂ ਵੀ ਤੇਰੀ ਛਾਂ ਦੇ ਹੇਠ ਆਰਾਮ ਕਰਾਂ । ਇਸ ਪ੍ਰਕਾਰ ਕਦੇ-ਕਦੇ ਨਿਕਰਮਣ ਮਾਵਾਂ ਆਪਣੇ ਨਿੱਕੇ ਬਾਲਕਾਂ ਦੇ ਕੁੱਛੜ ਨਿਸਚਿੰਤ ਹੋ ਕੇ ਸੌਂਦੀਆਂ ਹਨ ।

**7. ਉੱਤਰ**–

(*i*) (ੲ) ਭਾਈ ਵੀਰ ਸਿੰਘ, (*ii*) (ਅ) ਪੰਜਾਬੀਆਂ ਨੂੰ,
(*iii*) (ੳ) ਚੁੰਮ-ਚੁੰਮ ਰੱਖੋ, (*iv*) (ੳ) ਭੱਠੀ ਵਾਲੀ ਨੂੰ ।

**8. ਉੱਤਰ**–

'ਘਰ ਜਾ ਆਪਣੇ' ਕਹਾਣੀ ਦਾ ਵਿਸ਼ਾ ਸਾਡੇ ਸਮਾਜ ਵਿਚ ਵਿਆਹ ਦੇ ਰੀਤੀ-ਰਿਵਾਜਾਂ ਦਾ ਮਹੱਤਵ ਦਰਸਾਉਣਾ ਹੈ । ਘਰ ਵਿਚ ਕਿਸੇ ਮੁੰਡੇ ਜਾਂ ਕੁੜੀ ਦਾ ਵਿਆਹ ਕਰਨ ਨਾਲ ਸਾਡੇ ਸਮਾਜ ਵਿਚ ਬਹੁਤ ਸਾਰੇ ਦੂਰ-ਨੇੜੇ ਦੇ ਰਿਸ਼ਤੇਦਾਰਾਂ ਨੂੰ ਮਿਲ ਕੇ ਬੈਠਣ ਤੇ ਕੰਮ ਕਰਨ ਦਾ ਮੌਕਾ ਮਿਲਦਾ ਹੈ । ਕੁੜੀ ਮੁੰਡੇ ਦੇ ਵਿਆਹ ਸਮੇਂ ਨਾਨਕੇ ਨਾਨਕੀ ਛੱਕ ਰਾਹੀਂ ਤੇ ਦੂਜੇ ਰਿਸ਼ਤੇਦਾਰ ਆਪਣੀ-ਆਪਣੀ ਸਮਰੱਥਾ ਅਨੁਸਾਰ ਚੀਜ਼ਾਂ ਦੇ ਕੇ ਇਸ ਨੂੰ ਇਕ ਸਾਂਝੇ ਸਮਾਗਮ ਦਾ ਰੂਪ ਦਿੰਦੇ ਹਨ । ਕੁੜੀ ਦੀ ਲਾੜੀ ਦੇ ਰੂਪ ਵਿਚ ਤਿਆਰੀ ਵਿਚ ਵੀ ਉਸਦੇ ਮਾਪੇ, ਨਾਨਕੇ ਅਤੇ ਸਹੁਰੇ ਗਹਿਣਿਆਂ ਤੇ ਕੱਪੜਿਆਂ ਨਾਲ ਆਪਣਾ-ਆਪਣਾ ਹਿੱਸਾ ਪਾਉਂਦੇ ਹਨ । ਆਨੰਦ ਕਾਰਜ ਰਾਹੀਂ, ਜਿੱਥੇ ਵਿਆਹ ਨੂੰ ਪ੍ਰਵਾਨਗੀ ਮਿਲਦੀ ਹੈ, ਉੱਥੇ ਭਾਈ ਜੀ ਲਾੜੀ ਨੂੰ ਗ੍ਰਹਿਸਤ ਜੀਵਨ ਨੂੰ ਸਹਿਜ ਬਣਾਉਣ ਦਾ ਉਪਦੇਸ਼ ਦਿੰਦੇ ਹਨ । ਲਾੜੀ ਨੂੰ ਤੋਰਨ ਸਮੇਂ ਸਾਰੇ ਰਿਸ਼ਤੇਦਾਰ ਸਲਾਮੀਆਂ ਦੇ ਕੇ ਉਸਨੂੰ ਵਿਦਾ ਕਰਦੇ ਹਨ । ਇਸ ਸਮੇਂ ਸਾਡੇ ਸਮਾਜ ਦੀ ਰੀਤ ਅਨੁਸਾਰ ਨਵੇਂ ਘਰ ਤੇ ਨਵੇਂ ਲੋਕਾਂ ਵਿਚ ਜਾ ਰਹੀ ਧੀ ਦੇ ਨਾਲ ਪਹਿਲੇ ਦਿਨ ਉਸਦੇ ਭਰਾ ਦਾ ਜਾਣਾ ਵੀ ਉਸਦਾ ਹੌਂਸਲਾ ਵਧਾਉਣ ਵਾਲੀ ਇਕ ਮਹੱਤਵਪੂਰਨ ਰੀਤ ਹੈ । ਇਸੇ ਗੱਲ ਨੂੰ ਮਹਿਸੂਸ ਕਰਦਿਆਂ ਹੀ ਅਨਜਾਣ ਕੁੜੀ ਨਾਲ ਵਿਆਹ ਤੋਂ ਡਰਨ ਵਾਲਾ ਜੀਤੋ ਦਾ ਵੀਰ ਅਨਜਾਣ ਘਰ ਵਿਚ ਅਨਜਾਣ ਬੰਦੇ ਨਾਲ ਜੀਵਨ ਗੁਜ਼ਾਰਨ ਲਈ ਜਾ ਰਹੀ ਆਪਣੀ ਭੈਣ ਨਾਲ ਜਾਣ ਲਈ ਤਿਆਰ ਹੋ ਜਾਂਦਾ ਹੈ, ਜਦਕਿ ਪਹਿਲਾਂ ਉਹ ਕਿਸੇ ਦੇ ਕਹਿਣ 'ਤੇ ਵੀ ਇਹ ਰੀਤ ਨਿਭਾਉਣ ਲਈ ਤਿਆਰ ਨਹੀਂ ਸੀ ਹੋਇਆ । ਇਸ ਤਰ੍ਹਾਂ ਭਾਵਾਂ ਦੀ ਸਾਂਝ ਨਾਲ ਦਾ ਇਕ ਦੂਜੇ ਪ੍ਰਤੀ ਨੇੜਤਾ ਤੇ ਪਿਆਰ ਦਾ ਪੀਡੇ ਹੋਣਾ ਵੀ ਇਸ ਕਹਾਣੀ ਦੇ ਵਿਸ਼ੇ ਦਾ ਇਕ ਅੰਗ ਹੈ । ਇਸ ਪ੍ਰਕਾਰ ਇਸ ਕਹਾਣੀ ਦਾ ਵਿਸ਼ਾ ਸਮਾਜਿਕ ਰੀਤਾਂ ਦਾ ਮਹੱਤਵ ਹੈ ।

HOLY FAITH INTERNATIONAL (P) LTD.

**ਜਾਂ**

'ਨੀਲੀ' ਇਕ ਗਾਂ ਦਾ ਨਾਂ ਹੈ, ਜਿਸਦਾ ਰੰਗ ਗੋਰਾ ਹੈ । ਉਸਨੂੰ ਮਸਾਲੇਦਾਰ ਚਾਰਾ ਬਹੁਤ ਪਸੰਦ ਸੀ ਤੇ ਮਸਾਲਾ ਖਾਂਦੀ ਹੀ ਉਹ ਦੁੱਧ ਦੇ ਦਿੰਦੀ ਸੀ । ਉਹ ਬਹੁਤ ਸਮਝਦਾਰ ਤੇ ਸੰਵੇਦਨਸ਼ੀਲ ਸੀ । ਉਹ ਜਦੋਂ ਕਹਾਣੀਕਾਰ ਦੇ ਘਰ ਆਉਂਦੀ ਸੀ, ਤਾਂ ਆਪਣੇ ਸਿੰਙਾਂ ਨਾਲ ਗੇਟ ਖੜਕਾਉਣ ਲੱਗ ਪੈਂਦੀ ਸੀ । ਫਿਰ ਉਸਨੇ ਨਵਾਂ ਸੂਆ ਦਿੱਤਾ ਤੇ ਉਸ ਨਾਲ ਉਸ ਵਰਗੀ ਸੋਹਣੀ ਵੱਛੀ ਆਉਣ ਲੱਗ ਪਈ, ਤਾਂ ਉਹ ਉਸ ਦੁਆਰਾ ਥਣਾਂ ਨੂੰ ਮੂੰਹ ਮਾਰਨ 'ਤੇ ਹੀ ਦੁੱਧ ਲਾਹ ਦਿੰਦੀ ਸੀ । ਇਸ ਤਰ੍ਹਾਂ ਉਹ ਮਮਤਾ ਨਾਲ ਭਰਪੂਰ ਸੀ, ਪਰ ਜਦੋਂ ਉਸਦੀ ਵੱਛੀ ਮਰ ਗਈ, ਤਾਂ ਉਹ ਬਹੁਤ ਉਦਾਸ ਹੋ ਗਈ ਤੇ ਉਸਨੇ ਖਾਣਾ-ਪੀਣਾ ਛੱਡ ਦਿੱਤਾ । ਉਹ ਗੁਆਲੇ ਦੁਆਰਾ ਦੁੱਧ ਲੈਣ ਲਈ ਦਿੱਤੇ ਜਾ ਰਹੇ ਮਸਾਲੇ ਦੇ ਲਾਲਚ ਤੇ ਉਸ ਦੁਆਰਾ ਦਿਖਾਏ ਪਿਆਰ ਵਿਚ ਵੀ ਰੁਚੀ ਨਹੀਂ ਸੀ ਲੈ ਰਹੀ । ਪਰ ਤਿੰਨ ਦਿਨ ਕੁੱਝ ਨਾ ਖਾਣ ਕਰਕੇ ਭੁੱਖ ਦੀ ਸਤਾਈ ਉਹ ਮਸਾਲਾ ਤਾਂ ਖਾਣ ਲੱਗ ਪਈ, ਪਰ ਦੁੱਧ ਉਸਨੇ ਫਿਰ ਵੀ ਨਾ ਦਿੱਤਾ ਤੇ ਗੁਆਲਾ ਉਸ ਨਾਲ ਨਰਾਜ਼ ਹੋ ਗਿਆ । ਉਹ ਨਹੀਂ ਸੀ ਸਮਝ ਰਿਹਾ ਕਿ ਉਸ ਦਾ ਬੱਚਾ ਮਰਿਆਂ ਅਜੇ ਥੋੜ੍ਹੇ ਦਿਨ ਹੋਏ ਹਨ । ਉਹ ਐਡੀ ਛੇਤੀ ਉਸਨੂੰ ਭੁੱਲ ਨਹੀਂ ਸਕਦੀ । ਇਸ ਦੁੱਖ ਕਾਰਨ ਉਸਦਾ ਦੁੱਧ ਉਤਰਦਾ ਹੀ ਨਹੀਂ ਸੀ । ਇਸ ਪ੍ਰਕਾਰ ਉਹ ਇਕ ਸੰਵੇਦਨਸ਼ੀਲ ਤੇ ਦੁਖਾਂਤਕ ਪਾਤਰ ਹੈ ।

**9. ਉੱਤਰ—**

(*i*) (ੲ) ਚੀਰੇ ਵਾਲਾ ਨੌਜਵਾਨ, (*ii*) (ਅ) ਮਸਾਲਾ, (*iii*) (ੳ) ਰਿਕਸ਼ੇ ਵਾਲਾ, (*iv*) (ਸ) ਅੱਠ-ਦਸ ਸਾਲ, (*v*) (ਅ) ਝੁੱਗੀ ਵਿੱਚ ।

**10. ਉੱਤਰ—**

(*i*) ਪ੍ਰੋਫ਼ੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦਾ ਇਕ ਕਾਰਨ ਤਾਂ ਮਹੀਨੇ ਦਾ ਅੰਤ ਹੋਣ ਕਰਕੇ ਆਪਣੀ ਜੇਬ ਵਿਚ ਕੇਵਲ ਤੀਹ ਪੈਸੇ ਹੋਣਾ ਸਮਝਦਾ ਹੈ । ਦੂਜਾ ਕਾਰਨ ਉਸ ਦੇ ਪੁੱਤਰ ਦਿਨੇਸ਼ ਦੀ ਰਸ ਖਾਣ ਦੀ ਮੰਗ ਹੈ, ਜੋ ਕੇਵਲ ਤਿੰਨ ਪੈਸਿਆਂ ਦਾ ਆਉਂਦਾ ਸੀ । ਇਸ ਦੇ ਨਾਲ ਹੀ ਉਸ ਨੇ ਧੋਬੀ ਦੇ ਪੈਸੇ ਵੀ ਦੇਣੇ ਸਨ । ਤੀਜਾ, ਉਸ ਦੀ ਹਉਮੈ ਨੇ ਉਸ ਨੂੰ ਕਿਸੇ ਕੋਲੋਂ ਪੈਸੇ ਮੰਗ ਕੇ ਬੁੱਢੀ ਦੀ ਲੋੜ ਪੂਰੀ ਕਰਨ ਤੋਂ ਵਰਜਿਆ ।

(*ii*) ਇਸ ਸਮੇਂ ਨੀਲੀ ਕਿੰਨਾ ਚਿਰ ਖੜ੍ਹੀ ਅੜਿੰਗਦੀ ਰਹੀ, ਜਿਵੇਂ ਗੁਆਲੇ ਨੂੰ ਕਹਿ ਰਹੀ ਹੋਵੇ ਕਿ ਉਹ ਸਮਝਦਾ ਕਿਉਂ ਨਹੀਂ । ਅਜੇ ਦੋ ਦਿਨ ਤਾਂ ਹੋਏ ਹਨ, ਉਸ ਦੀ ਧੀ ਨੂੰ ਮਰਿਆਂ । ਠੀਕ ਹੈ ਕਿ ਕੁੱਝ ਦਿਨਾਂ ਤਕ ਉਹ ਉਸ ਨੂੰ ਭੁੱਲ ਜਾਵੇਗੀ ਤੇ ਉਹ ਦੁੱਧ ਵੀ ਦੇਵੇਗੀ, ਪਰ ਉਸ ਨੂੰ ਇਕ-ਦੋ ਦਿਨ ਹੋਰ ਸਬਰ ਕਰਨਾ ਪਵੇਗਾ । ਹੁਣ ਉਸ ਨੇ ਦੁੱਧ ਕੀ ਕਰਨਾ ਹੈ ? ਜਦ ਦੁੱਧ ਪੀਣ ਵਾਲੀ ਹੀ ਚਲੀ ਗਈ ਹੈ । ਪਰ ਉਹ ਉਸ ਨੂੰ ਭੁੱਖੀ ਨਾ ਮਾਰੇ ।

(*iii*) ਪਤਨੀ ਕਹਿੰਦੀ ਹੈ ਕਿ ਉਹ ਰਿਕਸ਼ੇ ਵਾਲੇ ਨੂੰ ਨਾ ਦਿੱਤੇ ਜਾ ਸਕਣ ਵਾਲੇ ਤਿੰਨ ਰੁਪਏ ਪਿੰਗਲਵਾੜੇ ਨੂੰ ਦੇ ਦੇਣਗੇ । ਜਦੋਂ ਪਤੀ ਪੁੱਛਦਾ ਹੈ ਕਿ ਜਿਹੜੇ ਪੰਜਾਹ ਪੈਸੇ ਉਸਨੇ ਰਿਕਸ਼ੇ ਵਾਲੇ ਨੂੰ ਵੱਧ ਦੇਣੇ ਸਨ, ਉਨ੍ਹਾਂ ਦਾ ਕੀ ਕਰੇਗੀ ? ਪਤਨੀ ਉੱਤਰ ਦਿੰਦੀ ਹੈ ਕਿ ਉਹ ਅੱਡੇ ਵਾਲੇ ਮੰਗਤੇ ਦੀ ਤਲੀ ਉੱਤੇ ਧਰ ਦੇਣਗੇ ।

(*iv*) ਜਦੋਂ ਜੀਤੋ ਦਾ ਵੀਰ ਆਪਣੇ ਵਿਆਹ ਲਈ ਨਹੀਂ ਸੀ ਮੰਨ ਰਿਹਾ ਤੇ ਘਰ ਵਿਚ ਕਿਸੇ ਵਿਆਹ ਢੰਗ ਉੱਤੇ ਰਿਸ਼ਤੇਦਾਰਾਂ ਦਾ ਇਕੱਠ ਹੋਇਆਂ ਚਾਲੀ ਸਾਲ ਬੀਤ ਗਏ ਸਨ, ਤਾਂ ਘਰਦਿਆਂ ਨੇ ਆਪਣਾ ਚਾ ਪੂਰਾ ਕਰਨ ਲਈ ਉਸ ਤੋਂ ਅੱਠ-ਦਸ ਸਾਲ ਛੋਟੀ ਉਸ ਦੀ ਭੈਣ ਜੀਤੋ ਦਾ ਵਿਆਹ ਧਰ ਦਿੱਤਾ ।

(*v*) ਕਹਾਣੀਕਾਰ ਦੀ ਪਤਨੀ ਨੇ ਉਸਨੂੰ ਰਿਕਸ਼ੇ ਵਾਲੇ ਉੱਤੇ ਹੱਥ ਚੁੱਕਣ ਤੋਂ ਰੋਕ ਦਿੱਤਾ ਸੀ । ਇਸ ਨਾਲ ਉਨ੍ਹਾਂ ਨੂੰ ਉਸ ਮਾੜੇ ਬੰਦੇ ਦੇ ਹੱਥੋਂ ਆਪਣੀ ਬਦਨਾਮੀ ਹੋਣ ਦਾ ਡਰ ਸੀ ਕਿਉਂਕਿ ਉਹ ਅੱਗੋਂ ਗਾਲ੍ਹ ਕੱਢ ਸਕਦਾ ਸੀ ਤੇ ਹੱਥ ਵੀ ਚੁੱਕ ਸਕਦਾ ਸੀ । ਫਲਸਰੂਪ ਉਨ੍ਹਾਂ ਨੂੰ ਆਪਣੀ ਸ਼ਰਾਫ਼ਤ ਮਿੱਟੀ ਵਿੱਚ ਮਿਲ ਜਾਣ ਦਾ ਡਰ ਸੀ ।

**11. ਉੱਤਰ—**

(*i*) (ੳ) ਮੇਲਿਆਂ ਤੇ ਤਿਉਹਾਰਾਂ ਵਿੱਚੋਂ, (*ii*) (ਅ) ਗੁਲਜ਼ਾਰ ਸਿੰਘ ਸੰਧੂ, (*iii*) (ਸ) ਮੂਲ, (*iv*) (ਸ) ਗਿੱਧਾ, (*v*) (ੳ) ਗੁਰੂ ਅਰਜਨ ਦੇਵ ਜੀ ।

**12. ਉੱਤਰ—**

(ੳ) ਗੁਰੂ ਗੋਬਿੰਦ ਸਿੰਘ ਜੀ ਪੰਜਾਬੀਆਂ ਦੀਆਂ ਬੀਰ-ਭਾਵਨਾਵਾਂ ਨੂੰ ਹੁਲਾਰਾ ਦੇਣ ਲਈ ਹੋਲੇ-ਮਹੱਲੇ ਦੇ ਦਿਨ ਆਨੰਦਪੁਰ ਸਾਹਿਬ ਵਿਚ ਇਕ ਦਰਬਾਰ ਸਜਾਇਆ ਕਰਦੇ ਸਨ, ਜਿਸ ਵਿਚ ਸੂਰਮੇ ਇਕੱਠੇ ਹੋ ਕੇ ਸ਼ਸਤਰਾਂ ਦੇ ਕਰਤੱਬ ਵਿਖਾਉਂਦੇ ਤੇ ਇਨਾਮ ਸਨਮਾਨ ਪ੍ਰਾਪਤ ਕਰਦੇ ਸਨ । ਹੁਣ ਵੀ ਹੋਲੀ ਦੇ ਅਗਲੇ ਦਿਨ ਹੋਲੇ-ਮਹੱਲੇ ਨੂੰ ਆਨੰਦਪੁਰ ਵਿਚ ਭਾਰੀ ਮੇਲਾ ਜੁੜਦਾ ਹੈ ।

(ਅ) ਉਂਞ ਤਾਂ ਪੰਜਾਬ ਦੀਆਂ ਸਾਰੀਆਂ ਲੋਕ-ਖੇਡਾਂ ਮਨਮੋਹਕ ਹਨ, ਪਰੰਤੂ ਇਨ੍ਹਾਂ ਵਿਚੋਂ ਮੁੰਡਿਆਂ-ਕੁੜੀਆਂ ਦੀਆਂ ਵਧੇਰੇ ਮਨਮੋਹਕ ਖੇਡਾਂ ਇਹ ਹਨ—ਬੁੱਢੀ ਮਾਈ, ਭੰਡਾ-ਭੰਡਾਰੀਆ, ਊਠਕ-ਬੈਠਕ, ਊਚ-ਨੀਚ, ਕੋਟਲਾ-ਛਪਾਕੀ, ਦਾਈਆਂ-ਦੂਹਕੜੇ, ਬਾਂਦਰ-ਕੀਲਾ, ਕਿਣ-ਮਿਣ ਕਾਣੀ ਕੌਣ ਕਿਣਿਆ, ਸਮੁੰਦਰ ਤੇ ਮੱਛੀ, ਲੱਕੜ ਕਾਠੀ, ਖਾਨ-ਘੋੜੀ, ਅੰਨ੍ਹਾ ਝੋਟਾ, ਪੂਛ-ਪੂਛ, ਗੁੱਲੀ-ਡੰਡਾ, ਪਿੱਠੂ, ਪੀਚੋ-ਬੱਕਰੀ, ਅੱਡੀ-ਛੜੱਪਾ, ਕੂਕਾਂ-ਕਾਂਗੜੇ, ਰੋੜੇ ਅਖ਼ਰੋਟ ਤੇ ਸ਼ੱਕਰ ਭਿੱਜੀ । ਇਹ ਬੱਚਿਆਂ ਦਾ ਜਿੱਥੇ ਭਰਪੂਰ ਮਨੋਰੰਜਨ ਕਰਦੀਆਂ ਹਨ, ਉੱਥੇ ਉਨ੍ਹਾਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿਚ ਵੀ ਖ਼ੂਬ ਹਿੱਸਾ ਪਾਉਂਦੀਆਂ ਹਨ ।

(ੲ) ਝੂੰਮਰ ਪੱਛਮੀ ਪੰਜਾਬ ਦੇ ਸਾਂਦਲ ਬਾਰ ਦੇ ਲੋਕਾਂ ਦਾ ਨਾਚ ਹੈ । ਵੰਡ ਤੋਂ ਮਗਰੋਂ ਬਾਰ ਦੇ ਲੋਕਾਂ ਦੇ ਇਧਰਲੇ ਪੰਜਾਬ ਵਿਚ ਆ ਕੇ ਵਸਣ ਨਾਲ ਇਹ ਲੋਕ-ਨਾਚ ਵੀ ਇਧਰ ਆ ਗਿਆ ਹੈ । ਨਚਾਰ ਸਮੂਹਿਕ ਰੂਪ ਵਿਚ ਕਿਸੇ ਖੁੱਲ੍ਹੀ ਥਾਂ ਘੇਰੇ ਦੇ ਆਕਾਰ ਵਿਚ ਆਪਣੇ ਹਰਮਨ-ਪਿਆਰੇ ਲੋਕ-ਗੀਤ ਢੋਲੇ ਦੇ ਰਾਹੀਂ ਢੋਲ ਦੀ ਤਾਲ ਉੱਤੇ ਇਸ ਨਾਚ ਨੂੰ ਨੱਚਦੇ ਹਨ । ਇਹ ਨਾਚ ਤਿੰਨ ਤਾਲਾਂ—ਮੱਠੀ, ਤੇਜ਼ ਅਤੇ ਬਹੁਤ ਹੀ ਤੇਜ਼ ਤਾਲ—ਉੱਤੇ ਨੱਚਿਆ ਜਾਂਦਾ ਹੈ । ਇਨ੍ਹਾਂ ਤਾਲਾਂ ਨੂੰ 'ਝੂੰਮਰ ਦੀ ਤਾਲ', 'ਚੀਣਾ ਛੜਨਾ' ਤੇ 'ਧਮਾਲ' ਵੀ ਆਖਦੇ ਹਨ । ਇਸ ਨਾਚ ਨੂੰ ਨੱਚਦਿਆਂ ਲੰਮੇ ਗੀਤ ਗਾਏ ਜਾਂਦੇ ਹਨ ।

HOLY FAITH INTERNATIONAL (P) LTD.

# ਨਿਊ ਸਟਾਈਲ ਮਾਡਲ ਟੈੱਸਟ ਪੇਪਰ—3

**1. ਉੱਤਰ**—

*(i)* (ਅ) ਆਪਸ ਵਿਚ ਲੜਦੀਆਂ ਗੁਆਂਢਣਾਂ ।
*(ii)* (ੲ) ਤੀਜੇ ਪਹਿਰ ।
*(iii)* (ੳ) ਕੁੱਝ ਬੁੜ-ਬੁੜ ।
*(iv)* (ੲ) ਦਿਨ ਢਲੇ ਤਕ ।
*(v)* (ਅ) ਕੁਰੱਖਤ ।
*(vi)* (ਸ) ਕਮੀਨਾਪਨ ।
*(vii)* (ੳ) ਤੋਹਮਤ ।
*(viii)* (ੳ) ਗੁਆਂਢਣਾਂ ਦੀ ਲੜਾਈ ।

**2. ਉੱਤਰ**—

224 ਬਾਗ਼ ਬਾਹਰੀਆਂ,
ਕਪੂਰਥਲਾ ਰੋਡ,
ਜਲੰਧਰ ।
ਹਵਾਲਾ ਨੰ: 114, ਮਿਤੀ 16 ਅਗਸਤ, 20....
ਡਿਵੈਲਮੈਂਟ ਅਫ਼ਸਰ,
ਭਾਰਤੀ ਜੀਵਨ ਬੀਮਾ ਨਿਗਮ,
ਜਲੰਧਰ ।
**ਵਿਸ਼ਾ**—ਐੱਲ.ਆਈ.ਸੀ. ਦਾ ਏਜੰਟ ਬਣਨ ਲਈ ।
ਸ੍ਰੀਮਾਨ ਜੀ,
ਬੇਨਤੀ ਹੈ ਕਿ ਮੈਂ ਬੀ.ਏ. ਪਾਸ ਹਾਂ ਅਤੇ ਮਾਈਕ੍ਰੋਸਾਫਟ ਆਫ਼ਿਸ ਦਾ ਕੋਰਸ ਵੀ ਕੀਤਾ ਹੋਇਆ ਹੈ । ਮੈਂ ਜੀਵਨ ਬੀਮਾ ਨਿਗਮ ਦਾ ਏਜੰਟ ਬਣਨਾ ਚਾਹੁੰਦਾ ਹਾਂ । ਮੈਂ ਇਸ ਸੰਬੰਧੀ ਹੋਣ ਵਾਲੇ ਪ੍ਰੀ: ਲਾਈਸੈਂਸਿੰਗ ਟੈੱਸਟ ਨੂੰ ਦੇਣ ਲਈ ਤਿਆਰ ਹਾਂ । ਇਸ ਸੰਬੰਧੀ ਮੇਰਾ ਨਾਂ ਦਾਖ਼ਲ ਕਰ ਲਿਆ ਜਾਵੇ ਤੇ ਪ੍ਰੀਖਿਆ ਦੇ ਕੋਰਸ ਅਤੇ ਮਿਤੀ ਸੰਬੰਧੀ ਮੈਨੂੰ ਸੂਚਿਤ ਕੀਤਾ ਜਾਵੇ ।
ਧੰਨਵਾਦ ਸਹਿਤ ।
ਆਪ ਦਾ ਵਿਸ਼ਵਾਸ-ਪਾਤਰ,
ਗੁਰਵਿੰਦਰ ਸਿੰਘ ।
ਮੋਬਾਈਲ 9111223388.

***ਜਾਂ***

ਪਿੰਡ ਤੇ ਡਾਕ: ਮਾਣਕਰਾਈ,
ਜ਼ਿਲ੍ਹਾ ਜਲੰਧਰ ।
ਮਿਤੀ 29 ਮਈ, 20....
ਸੂਚਨਾ ਅਫ਼ਸਰ,
ਪੰਜਾਬ ਖੇਤੀਬਾੜੀ ਯੂਨੀਵਰਸਿਟੀ,
ਲੁਧਿਆਣਾ ।

**ਵਿਸ਼ਾ**—ਸਾਉਣੀ ਦੀਆਂ ਫ਼ਸਲਾਂ ਦੇ ਬੀਜਾਂ, ਰੋਗਾਂ ਦੀ ਰੋਕ-ਥਾਮ, ਸਿਖਲਾਈ ਪ੍ਰੋਗਰਾਮਾਂ ਤੇ ਖੇਤੀਬਾੜੀ ਸਾਹਿਤ ਬਾਰੇ ਜਾਣਕਾਰੀ ।
ਸ੍ਰੀਮਾਨ ਜੀ,
ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਹੁਣ ਅਗਲੇ ਮਹੀਨੇ ਤੋਂ ਪੰਜਾਬ ਦੇ ਪਿੰਡਾਂ ਵਿਚ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਆਰੰਭ ਹੋ ਜਾਣੀ ਹੈ । ਮੈਂ ਇਕ ਸਫਲ ਕਿਸਾਨ ਬਣਨ ਦਾ ਚਾਹਵਾਨ ਹੋਣ ਕਰਕੇ ਆਪ ਜੀ ਨੂੰ ਹੇਠ ਲਿਖੇ ਅਨੁਸਾਰ ਸੂਚਨਾ ਭੇਜਣ ਲਈ ਬੇਨਤੀ ਕਰਦਾ ਹਾਂ—

*(i)* ਕਣਕ, ਬਾਜਰੇ, ਚਰ੍ਹੀ ਤੇ ਦਾਲਾਂ ਦੇ ਨਵੇਂ ਤੇ ਉੱਤਮ ਬੀਜ ਕਿਹੜੇ ਹਨ ਤੇ ਉਹ ਕਿੱਥੋਂ ਮਿਲ ਸਕਦੇ ਹਨ ? ਇਨ੍ਹਾਂ ਦਾ ਝਾੜ ਕਿੰਨਾ ਹੈ ? ਇਨ੍ਹਾਂ ਦੀ ਬਿਜਾਈ ਸਮੇਂ ਕਿਨ੍ਹਾਂ-ਕਿਨ੍ਹਾਂ ਸਾਵਧਾਨੀਆਂ ਦੀ ਜ਼ਰੂਰਤ ਹੈ ?
*(ii)* ਇਨ੍ਹਾਂ ਫ਼ਸਲਾਂ ਨੂੰ ਸਮੇਂ-ਸਮੇਂ ਕਿਹੜੇ ਰੋਗ ਲਗਦੇ ਹਨ ਤੇ ਉਨ੍ਹਾਂ ਦੀ ਰੋਕਥਾਮ ਦੇ ਤਰੀਕੇ ਤੇ ਦਵਾਈਆਂ ਕਿਹੜੀਆਂ ਹਨ ? ਇਨ੍ਹਾਂ ਦੀ ਵਰਤੋਂ ਸੰਬੰਧੀ ਕਿਨ੍ਹਾਂ ਸਾਵਧਾਨੀਆਂ ਦੀ ਜ਼ਰੂਰਤ ਹੁੰਦੀ ਹੈ ।
*(iii)* ਇਸ ਤੋਂ ਇਲਾਵਾ ਸਾਉਣੀ ਦੀਆਂ ਫ਼ਸਲਾਂ ਲਈ ਬੀਜਾਂ ਦੀ ਚੋਣ, ਬਿਜਾਈ ਤੇ ਫ਼ਸਲ ਦੀ ਸਾਂਭ-ਸੰਭਾਲ ਦੀ ਸਿਖਲਾਈ ਕਿੱਥੇ ਤੇ ਕਦੋਂ ਪ੍ਰਾਪਤ ਹੁੰਦੀ ਹੈ ।
*(iv)* ਇਸ ਨਾਲ ਸੰਬੰਧਿਤ ਛਪਿਆ ਖੇਤੀਬਾੜੀ ਸਾਹਿਤ ਵੀ ਭੇਜਿਆ ਜਾਵੇ ।

ਆਪ ਦੇ ਉੱਤਰ ਦੀ ਉਡੀਕ ਵਿਚ ।

ਆਪ ਦਾ ਵਿਸ਼ਵਾਸ-ਪਾਤਰ,
ਤਰਸੇਮ ਲਾਲ,
ਸਰਪੰਚ ।
ਮੋਬਾਈਲ ..............

**3. ਉੱਤਰ**—

### ਸੜਕ ਦੁਰਘਟਨਾਵਾਂ

ਵਿਗਿਆਨ ਦੀ ਤਰੱਕੀ ਨੇ ਆਵਾਜਾਈ ਤੇ ਸੰਚਾਰ ਸਾਧਨਾਂ ਦਾ ਭਾਰੀ ਵਿਕਾਸ ਕੀਤਾ ਹੈ । ਆਵਾਜਾਈ ਦੇ ਖੇਤਰ ਵਿਚ ਅਨੇਕਾਂ ਵਾਹਨਾਂ ਦੀ ਕਾਢ ਕੱਢੀ ਜਾ ਚੁੱਕੀ ਹੈ । ਇਨ੍ਹਾਂ ਵਿਚ ਕਾਰਾਂ, ਮੋਟਰਾਂ, ਬੱਸਾਂ, ਸਕੂਟਰ, ਆਟੋ-ਰਿਕਸ਼ਾ ਤੇ ਮੋਟਰ-ਸਾਈਕਲ ਸੜਕ ਉੱਤੇ ਚੱਲਣ ਵਾਲੇ ਵਾਹਨ ਹਨ । ਆਵਾਜਾਈ ਦੇ ਸਾਧਨਾਂ ਵਿਚੋਂ ਸਭ ਤੋਂ ਵੱਧ ਦੁਰਘਟਨਾਵਾਂ ਸੜਕਾਂ ਉੱਤੇ ਹੀ ਹੁੰਦੀਆਂ ਹਨ । ਦਸ-ਵੀਹ ਕਿਲੋਮੀਟਰ ਲੰਬੇ ਸੜਕ ਦੇ ਟੋਟੇ ਉੱਪਰ ਹੀ ਹਰ ਰੋਜ਼ ਕੋਈ ਨਾ ਕੋਈ ਟਰੱਕ, ਬੱਸ, ਮੈਟਾਡੋਰ, ਟੈਂਪੂ, ਮੋਟਰ-ਸਾਈਕਲ, ਸਕੂਟਰ ਜਾਂ ਆਟੋ-ਰਿਕਸ਼ਾ ਦੁਰਘਟਨਾ ਦਾ ਸ਼ਿਕਾਰ ਹੋਇਆ ਰਹਿੰਦਾ ਹੈ । ਸਿੱਟੇ ਵਜੋਂ ਜੀ. ਟੀ. ਰੋਡ ਤੇ ਹੋਰਨਾਂ ਵੱਡੀਆਂ ਸੜਕਾਂ ਦੇ ਇੰਨੇ ਕੁ ਲੰਮੇ ਟੋਟੇ ਉੱਤੇ ਹੀ ਔਸਤਨ ਇਕ ਮੌਤ ਹਰ ਰੋਜ਼ ਹੋ ਜਾਂਦੀ ਹੈ ਤੇ ਦੋ ਚਾਰ ਗੰਭੀਰ ਜਾਂ ਮਾਮੂਲੀ ਜ਼ਖ਼ਮੀ ਹੋ ਜਾਂਦੇ ਹਨ । ਇਨ੍ਹਾਂ ਦੁਰਘਟਨਾਵਾਂ ਦੇ ਕਈ ਕਾਰਨ ਹਨ । ਇਸ ਦਾ ਮੁੱਖ ਕਾਰਨ ਸੜਕਾਂ ਉੱਪਰ ਵਾਹਨਾਂ ਦੀ ਗਿਣਤੀ ਦਾ ਵਧਣਾ ਤੇ ਸੜਕਾਂ ਦਾ ਤੰਗ ਹੋਣਾ ਹੈ । ਸਰਕਾਰ ਵਲੋਂ ਆਵਾਜਾਈ ਦੇ ਭਿੰਨ-ਭਿੰਨ ਸਾਧਨਾਂ ਦੇ ਵਧਣ ਤੇ ਲੋਕ-ਪ੍ਰਿਯ ਹੋਣ ਦੇ ਨਾਲ ਕੁੱਝ ਵੱਡੀਆਂ ਸੜਕਾਂ ਤੋਂ ਇਲਾਵਾ ਹੋਰਨਾਂ ਸੜਕਾਂ ਨੂੰ ਚੌੜੀਆਂ ਕਰਨ, ਉਨ੍ਹਾਂ ਨੂੰ ਦੋਹਰੀਆਂ-ਚੌਹਰੀਆਂ ਕਰਨ ਜਾਂ ਉਨ੍ਹਾਂ ਉੱਪਰ ਆਵਾਜਾਈ ਨੂੰ ਇਕ ਪਾਸਾ ਕਰਨ ਲਈ ਯੋਗ ਕਦਮ ਨਹੀਂ ਚੁੱਕੇ ਗਏ । ਫਲਸਰੂਪ ਇੱਕੋ ਤੰਗ ਜਿਹੀ ਸੜਕ ਉੱਪਰ ਹਰ ਪ੍ਰਕਾਰ ਦਾ ਵਾਹਨ, ਪੈਦਲ ਅਤੇ ਪਸ਼ੂ ਚੱਲਦੇ ਹਨ । ਹਰ ਕੋਈ ਇਕ ਦੂਜੇ ਤੋਂ ਅੱਗੇ

HOLY FAITH INTERNATIONAL (P) LTD.

ਲੰਘਣ ਦੀ ਕੋਸ਼ਿਸ਼ ਵਿਚ ਜਾਂ ਟ੍ਰੈਫਿਕ ਦੀ ਮਾਮੂਲੀ ਗ਼ਲਤੀ ਕਾਰਨ ਦੁਰਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ । ਦੁਰਘਟਨਾਵਾਂ ਦਾ ਅਗਲਾ ਮੁੱਖ ਕਾਰਨ ਆਵਾਜਾਈ ਦੇ ਨਿਯਮਾਂ ਦੀ ਅਗਿਆਨਤਾ ਤੇ ਉਨ੍ਹਾਂ ਦੀ ਪਾਲਣਾ ਕਰਨ ਵਿਚ ਵਰਤੀ ਜਾਂਦੀ ਅਣਗਹਿਲੀ ਹੈ । ਰਿਸ਼ਵਤਖੋਰ ਕਲਰਕ ਤੇ ਅਫ਼ਸਰ ਪੈਸੇ ਲੈ ਕੇ ਅਣਸਿੱਖੇ ਲੋਕਾਂ ਨੂੰ ਡਰਾਈਵਿੰਗ ਲਾਈਸੈਂਸ ਦੇਈ ਜਾਂਦੇ ਹਨ । ਫਲਸਰੂਪ ਸਾਡੇ ਦੇਸ਼ ਵਿਚ ਸੜਕ ਦੀ ਆਵਾਜਾਈ ਦੁਰਘਟਨਾਵਾਂ ਭਰਪੂਰ ਹੈ । ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਸਰਕਾਰ ਨੂੰ ਸੜਕਾਂ ਚੌੜੀਆਂ ਕਰਨ ਦੇ ਨਾਲ ਹੀ ਆਵਾਜਾਈ ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਤੇ ਕਸੂਰਵਾਰਾਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ।

***ਜਾਂ***

## ਅਨੁਸ਼ਾਸਨ ਦਾ ਮਹੱਤਵ

ਅਨੁਸ਼ਾਸਨ ਮਨੁੱਖੀ ਜ਼ਿੰਦਗੀ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ । ਅਨੁਸ਼ਾਸਨ ਦਾ ਮਤਲਬ ਹੈ—ਨਿਯਮਾਂ ਅਤੇ ਕਾਨੂੰਨਾਂ ਦੀ ਪਾਲਣਾ । ਜੇਕਰ ਸਾਡੇ ਆਲੇ-ਦੁਆਲੇ ਨਿਯਮ ਅਤੇ ਕਾਨੂੰਨ ਨਾ ਹੋਣ, ਤਾਂ ਸਾਡੇ ਲਈ ਜਿਊਣਾ ਅਸੰਭਵ ਹੋ ਜਾਵੇ । ਅਨੁਸ਼ਾਸਨ ਤੋਂ ਬਿਨਾਂ ਸਾਡੀ ਹਾਲਤ 'ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ' ਵਾਲੀ ਹੋਵੇਗੀ, ਜਿਸ ਨਾਲ ਹਰ ਪਾਸੇ ਆਪੋ-ਧਾਪ, ਗੜਬੜ ਤੇ ਖ਼ਲਬਲੀ ਮਚ ਜਾਵੇਗੀ । ਅਨੁਸ਼ਾਸਨ ਸਾਡੇ ਜੀਵਨ ਨੂੰ ਕਾਬੂ ਵਿਚ ਰੱਖਦਾ, ਨਿਸਚਿਤ ਸੇਧ ਦਿੰਦਾ ਤੇ ਫਲਸਰੂਪ ਇਸ ਵਿਚ ਮਿਠਾਸ ਭਰਦਾ ਹੈ । ਇਹ ਮਨੁੱਖੀ ਸ਼ਖ਼ਸੀਅਤ ਨੂੰ ਬੁਲੰਦੀਆਂ ਦਾ ਤਾਜ ਪਹਿਨਾਉਂਦਾ ਹੈ । ਇਸ ਤੋਂ ਬਿਨਾਂ ਸਾਡੀ ਜ਼ਿੰਦਗੀ ਫਿੱਕੀ, ਬੇਰਸ ਅਤੇ ਨੀਰਸ ਹੁੰਦੀ ਹੈ । ਅਨੁਸ਼ਾਸਨ ਤੋਂ ਬਿਨਾਂ ਸਾਡੇ ਆਲੇ-ਦੁਆਲੇ ਵਿਚ ਕਿਸੇ ਵੀ ਚੀਜ਼ ਦੀ ਹੋਂਦ ਸੰਭਵ ਨਹੀਂ । ਧਿਆਨ ਨਾਲ ਦੇਖੀਏ ਤਾਂ ਸਾਨੂੰ ਸਾਰੀ ਕੁਦਰਤ, ਸੂਰਜ, ਚੰਦ, ਤਾਰੇ, ਧਰਤੀ, ਹਵਾ, ਪਾਣੀ ਤੇ ਸਾਰੇ ਖੰਡ-ਬ੍ਰਹਿਮੰਡ ਇਕ ਅਨੁਸ਼ਾਸਨ ਵਿਚ ਬੱਝੇ ਦਿਖਾਈ ਦਿੰਦੇ ਹਨ । ਜੇਕਰ ਕੁਦਰਤ ਕੁੱਝ ਨਿਯਮਾਂ ਤੇ ਅਸੂਲਾਂ ਵਿਚ ਬੱਝ ਕੇ ਕੰਮ ਨਾ ਕਰਦੀ ਹੋਵੇ, ਤਾਂ ਧਰਤੀ ਤੋਂ ਜੀਵਨ ਦਾ ਪੂਰੀ ਤਰ੍ਹਾਂ ਨਾਸ਼ ਹੋ ਜਾਵੇ । ਇਸ ਕਰਕੇ ਮਨੁੱਖ ਲਈ ਅਨੁਸ਼ਾਸਨ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ । ਸਾਡੀ ਨੌਜਵਾਨ ਪੀੜ੍ਹੀ ਆਮ ਕਰਕੇ ਅਨੁਸ਼ਾਸਨ ਨੂੰ ਆਪਣੀ ਸੁਤੰਤਰਤਾ ਵਿਚ ਰੁਕਾਵਟ ਸਮਝਦੀ ਹੈ । ਸਾਨੂੰ ਵਿਦਿਆਰਥੀ ਦੇ ਰੂਪ ਵਿਚ, ਕਰਮਚਾਰੀ ਦੇ ਰੂਪ ਵਿਚ, ਖਿਡਾਰੀ ਦੇ ਰੂਪ ਵਿਚ ਤੇ ਦੇਸ਼ ਦੇ ਇਕ ਨਾਗਰਿਕ ਦੇ ਰੂਪ ਵਿਚ ਹਰ ਥਾਂ ਅਨੁਸ਼ਾਸਨ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਚਾਹੀਦੀ ਹੈ । ਕੋਈ ਟੀਮ ਖੇਡ ਦੇ ਮੈਦਾਨ ਵਿਚ ਜਿੱਤ ਨਹੀਂ ਸਕਦੀ, ਜੇਕਰ ਉਹ ਅਨੁਸ਼ਾਸਨ ਵਿਚ ਰਹਿ ਕੇ ਨਹੀਂ ਖੇਡਦੀ । ਕੋਈ ਰਾਜਨੀਤਿਕ ਪਾਰਟੀ ਵੀ ਤਾਂ ਹੀ ਜਿੱਤ ਪ੍ਰਾਪਤ ਕਰ ਸਕਦੀ ਹੈ, ਜੇਕਰ ਉਸ ਦੇ ਪੈਰੋਕਾਰ ਪੂਰੀ ਤਰ੍ਹਾਂ ਅਨੁਸ਼ਾਸਨ ਵਿਚ ਰਹਿ ਕੇ ਕੰਮ ਕਰਨ । ਅਨੁਸ਼ਾਸਨ ਦੀ ਜਿੰਨੀ ਲੋੜ ਇਕ ਵਿਅਕਤੀ ਨੂੰ ਹੁੰਦੀ ਹੈ, ਓਨੀ ਹੀ ਲੋੜ ਇਕ ਸੰਗਠਨ ਨੂੰ ਹੁੰਦੀ ਹੈ । ਅਨੁਸ਼ਾਸਿਤ ਕੌਮ ਉੱਨਤੀ ਦੀਆਂ ਸਿਖਰਾਂ ਨੂੰ ਛੂੰਹਦੀ ਹੈ, ਪਰ ਅਨੁਸ਼ਾਸਨਹੀਣਤਾ ਦੀ ਸਥਿਤੀ ਵਿਚ ਉਹ ਗਿਰਾਵਟ ਤੇ ਗ਼ੁਲਾਮੀ ਦਾ ਸ਼ਿਕਾਰ ਹੋ ਜਾਂਦੀ ਹੈ । ਇਸ ਕਰਕੇ ਸਾਨੂੰ ਸਾਰਿਆਂ ਨੂੰ ਆਪਣੇ ਜੀਵਨ ਵਿਚ ਅਨੁਸ਼ਾਸਨ ਨੂੰ ਵੱਧ ਤੋਂ ਵੱਧ ਅਪਣਾਉਣਾ ਚਾਹੀਦਾ ਹੈ । ਇਹ ਇਕ ਕੀਮਤੀ ਖ਼ਜ਼ਾਨਾ ਹੈ । ਇਸ ਦੀ ਸੰਭਾਲ ਕਰ ਕੇ ਅਸੀਂ ਸੁਖ-ਆਰਾਮ, ਖ਼ੁਸ਼ਹਾਲੀ ਤੇ ਸਨਮਾਨ ਨੂੰ ਪ੍ਰਾਪਤ ਕਰਦੇ ਹਾਂ ।

**4. ਉੱਤਰ—**

(*i*) ਬਿਪਤਾ ਸਮੇਂ ਧੀਰਜ ਰੱਖੋ ।

(*ii*) ਜੇ ਬਜ਼ੁਰਗਾਂ ਦੀ ਸੇਵਾ ਕਰੋਗੇ, ਤਾਂ ਉਹ ਤੁਹਾਨੂੰ ਅਸੀਸਾਂ ਦੇਣਗੇ ।

(*iii*) ਕਿੰਨੀ ਸੋਹਣੀ ਖੇਡ ਹੈ !

(*iv*) ਮੈਂ ਸਕੂਲ ਪਹੁੰਚਿਆ ਅਤੇ ਘੰਟੀ ਵੱਜ ਗਈ ।

**5. ਉੱਤਰ—**

***(i)*** **ਅੱਗੇ ਸੱਪ ਤੇ ਪਿੱਛੇ ਸ਼ੀਂਹ**—(ਇਹ ਅਖਾਣ ਉਦੋਂ ਵਰਤੀ ਜਾਂਦੀ ਹੈ, ਜਦੋਂ ਆਦਮੀ ਮੁਸ਼ਕਿਲਾਂ ਜਾਂ ਡਰ ਕਾਰਨ ਨਾ ਅੱਗੇ ਜਾ ਸਕੇ ਤੇ ਨਾ ਪਿੱਛੇ ਮੁੜ ਸਕੇ ।)—ਜਿਹੜੇ ਲੋਕ ਕਰਜ਼ੇ ਚੁੱਕ ਕੇ ਏਜੰਟਾਂ ਦੇ ਰਾਹੀਂ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਜਾਂਦੇ ਹਨ, ਉਨ੍ਹਾਂ ਦੀ ਹਾਲਤ 'ਅੱਗੇ ਸੱਪ ਤੇ ਪਿੱਛੇ ਸ਼ੀਂਹ' ਵਾਲੀ ਹੁੰਦੀ ਹੈ । ਉਹ ਨਾ ਤਾਂ ਕਰਜ਼ੇ ਦੇ ਡਰ ਕਾਰਨ ਪਿੱਛੇ ਮੁੜਨ ਜੋਗੇ ਹੁੰਦੇ ਹਨ ਤੇ ਨਾ ਵਿਦੇਸ਼ ਵਿਚ ਪੁਲਿਸ ਦੇ ਡਰ ਕਾਰਨ ਚੈਨ ਨਾਲ ਕਿਤੇ ਰਹਿਣ ਤੇ ਰੋਜ਼ੀ ਕਮਾਉਣ ਜੋਗੇ ।

***(ii)*** **ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ**—(ਥੋੜ੍ਹਾ ਨੁਕਸਾਨ ਕਰਾ ਕੇ ਬਹੁਤਾ ਧਨ ਬਚਾਇਆ ਜਾ ਸਕੇ, ਤਾਂ ਬਚਾ ਲੈਣਾ ਚਾਹੀਦਾ ਹੈ ।)—ਜਦੋਂ ਮੈਂ ਦੇਖਿਆ ਕਿ ਮੇਰੇ ਘਰ ਪਏ ਕਾਲੇ ਧਨ ਦਾ ਆਮਦਨ ਟੈਕਸ ਵਿਭਾਗ ਨੂੰ ਪਤਾ ਲੱਗ ਚੁੱਕਾ ਹੈ, ਤਾਂ ਮੈਂ ਫਟਾ-ਫਟ ਆਪਣੇ ਕਾਲੇ ਧਨ ਨੂੰ ਆਮਦਨ ਟੈਕਸ ਵਿਭਾਗ ਦੇ ਨਿਯਮਾਂ ਅਨੁਸਾਰ ਨਸ਼ਰ ਕਰ ਕੇ ਸਾਰਾ ਟੈਕਸ ਤੇ ਜੁਰਮਾਨਾ ਭਰ ਦਿੱਤਾ । ਇਸ ਪ੍ਰਕਾਰ ਮੈਂ ਸਿਆਣਿਆਂ ਦੇ ਕਥਨ, 'ਸਾਰਾ ਜਾਂਦਾ ਵੇਖੀਏ, ਅੱਧਾ ਦੇਈਏ ਵੰਡ' ਦੀ ਨੀਤੀ 'ਤੇ ਚਲ ਕੇ ਬਹੁਤ ਸਾਰਾ ਧਨ ਬਚਾ ਲਿਆ ।

***(iii)*** **ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ**—(ਪੱਕੀਆਂ ਹੋਈਆਂ ਆਦਤਾਂ ਛੇਤੀ ਨਹੀਂ ਬਦਲਦੀਆਂ)— ਤੁਹਾਨੂੰ ਆਪਣੇ ਬੱਚਿਆਂ ਦੀਆਂ ਆਦਤਾਂ ਵਲ ਪੂਰਾ-ਪੂਰਾ ਧਿਆਨ ਦੇਣਾ ਚਾਹੀਦਾ ਹੈ । ਜੇਕਰ ਕੋਈ ਬੁਰੀ ਆਦਤ ਪੈ ਗਈ, ਤਾਂ ਉਸ ਤੋਂ ਛੁਟਕਾਰਾ ਪਾਉਣਾ ਮੁਸ਼ਕਲ ਹੋਵੇਗਾ । ਸਿਆਣਿਆਂ ਨੇ ਕਿਹਾ ਹੈ, 'ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ ।' ਇਸ ਕਰਕੇ ਤੁਹਾਨੂੰ ਆਪਣੇ ਬੱਚਿਆਂ ਨੂੰ ਬੁਰੀਆਂ ਆਦਤਾਂ ਤੋਂ ਬਚਾ ਕੇ ਰੱਖਣਾ ਚਾਹੀਦਾ ਹੈ ।

***(iv)*** **ਡਾਢੇ ਨਾਲ ਭਿਆਲੀ, ਉਹ ਮੰਗੇ ਹਿੱਸਾ ਉਹ ਦੇਵੇ ਗਾਲ਼ੀ**—(ਇਹ ਅਖਾਣ ਇਹ ਦੱਸਣ ਲਈ ਵਰਤੀ ਜਾਂਦੀ ਹੈ ਕਿ ਜ਼ੋਰਾਵਰ ਨਾਲ ਮਾੜੇ ਦੀ ਚਾਲ ਨਹੀਂ ਚਲਦੀ ।)—ਸਿਆਣੇ ਕਹਿੰਦੇ ਹਨ, 'ਡਾਢੇ ਨਾਲ ਭਿਆਲੀ, ਉਹ ਮੰਗੇ ਹਿੱਸਾ ਉਹ ਦੇਵੇ ਗਾਲ਼ੀ ।' ਇਸ ਕਰਕੇ ਤੇਰੇ ਵਰਗੇ ਭਲੇਮਾਣਸ ਨੂੰ ਇਸ ਛਟੇ ਹੋਏ ਬਦਮਾਸ਼ ਨਾਲ ਸਾਂਝ ਪਾ ਕੇ ਕੋਈ ਕਾਰੋਬਾਰ ਸ਼ੁਰੂ ਨਹੀਂ ਕਰਨਾ ਚਾਹੀਦਾ ਕਿਉਂਕਿ ਜਦੋਂ ਕਦੇ ਤੂੰ ਵਪਾਰ ਵਿਚੋਂ ਵੱਖ ਹੋਣਾ ਚਾਹਿਆ, ਤਾਂ ਇਹ ਤੇਰੇ ਪੱਲੇ ਕੁੱਝ ਨਹੀਂ ਪਾਵੇਗਾ ਤੇ ਨਾਲੇ ਮਾਰ-ਕੁਟਾਈ ਹੋਣ ਤੋਂ ਵੀ ਗੁਰੇਜ਼ ਨਹੀਂ ਕਰੇਗਾ । ਪਰ ਤੂੰ ਆਪਣੀ ਭਲਮਾਣਸੀ ਕਰ ਕੇ ਉਸ ਵਿਰੁੱਧ ਕੁੱਝ ਵੀ ਨਹੀਂ ਕਰ ਸਕੇਂਗਾ ।

HOLY FAITH INTERNATIONAL (P) LTD.

**(*v*) ਬਿੱਲੀ ਸਿਰਹਾਣੇ ਦੁੱਧ ਨਹੀਂ ਜੰਮਦਾ**—(ਖਾਣ ਵਾਲਿਆਂ ਦੇ ਸਾਹਮਣੇ ਚੀਜ਼ ਨਹੀਂ ਬਚਦੀ।)—ਸਰਕਾਰ ਦਾ ਕੰਮ ਹੈ ਕਿ ਦੇਸ਼ ਵਿਚੋਂ ਟੈਕਸਾਂ ਦੇ ਰੂਪ ਵਿਚ ਇਕੱਠੇ ਕੀਤੇ ਧਨ ਨੂੰ ਲੋਕ-ਭਲਾਈ ਦੇ ਕੰਮਾਂ 'ਤੇ ਖ਼ਰਚ ਕਰੇ, ਪਰ ਸਰਕਾਰੀ ਅਫ਼ਸਰ ਤੇ ਵਜ਼ੀਰ ਭ੍ਰਿਸ਼ਟ ਹੋਣ ਕਰਕੇ ਧਨ ਨੂੰ ਵਿੰਗੇ-ਟੇਢੇ ਢੰਗ ਨਾਲ ਆਪਣੇ ਹੀ ਪੇਟੇ ਪਾਈ ਜਾਂਦੇ ਹਨ ਅਤੇ ਲੋਕ-ਭਲਾਈ ਦਾ ਕੋਈ ਕੰਮ ਨਹੀਂ ਹੁੰਦਾ । ਸਿਆਣੇ ਸੱਚ ਕਹਿੰਦੇ ਹਨ, 'ਬਿੱਲੀ ਸਿਰਹਾਣੇ ਦੁੱਧ ਨਹੀਂ ਜੰਮਦਾ ।'

**(*vi*) ਉੱਠੇ ਤਾਂ ਉਠ ਨਹੀਂ ਰੇਤੇ ਦੀ ਮੁੱਠ**—(ਜਿਹੜਾ ਬੰਦਾ ਕੰਮ ਨਹੀਂ ਕਰਦਾ, ਉਹ ਬੇਕਾਰ ਹੈ ।)—ਬੰਦਾ ਕੰਮ ਕਰਦਾ ਹੀ ਸ਼ੋਭਦਾ ਹੈ, ਨਿਕੰਮਾ ਬੰਦਾ ਜਿਹਾ ਹੋਇਆ, ਤਿਹਾ ਨਾ ਹੋਇਆ । ਸਿਆਣੇ ਕਹਿੰਦੇ ਹਨ ''ਉੱਠੇ ਤਾਂ ਉਠ, ਨਹੀਂ ਤਾਂ ਰੇਤ ਦੀ ਮੁੱਠ ।''

**6. ਉੱਤਰ**—

**ਹੈ ਧਰਤੀ ਪਰ .................. ਦੀ ਚਸਕੇ ।**

**ਉੱਤਰ—ਪ੍ਰਸੰਗ**—ਇਹ ਕਾਵਿ-ਟੁਕੜੀ 'ਲਾਜ਼ਮੀ ਪੰਜਾਬੀ-12' ਪਾਠ-ਪੁਸਤਕ ਵਿਚ ਦਰਜ ਭਾਈ ਵੀਰ ਸਿੰਘ ਦੀ ਲਿਖੀ ਹੋਈ ਕਵਿਤਾ 'ਟੁਕੜੀ ਜਗ ਤੋਂ ਨਯਾਰੀ' ਵਿਚੋਂ ਲਿਆ ਗਿਆ ਹੈ । ਇਸ ਕਵਿਤਾ ਵਿਚ ਭਾਈ ਸਾਹਿਬ ਕਸ਼ਮੀਰ ਦੀ ਅਦਭੁਤ ਤੇ ਲਾਸਾਨੀ ਸੁੰਦਰਤਾ ਨੂੰ ਬਿਆਨ ਕਰਦੇ ਹਨ । ਭਾਈ ਸਾਹਿਬ ਦੱਸਦੇ ਹਨ ਕਿ ਕਸ਼ਮੀਰ ਜਿਹੀ ਸੁੰਦਰ ਧਰਤੀ ਨੂੰ ਅਰਸ਼ੀ ਸੁੰਦਰਤਾ ਦੀ ਛੋਹ ਪ੍ਰਾਪਤ ਹੈ ।

**ਵਿਆਖਿਆ**—ਭਾਈ ਸਾਹਿਬ ਲਿਖਦੇ ਹਨ ਕਿ ਕਸ਼ਮੀਰ ਭਾਵੇਂ ਧਰਤੀ ਦਾ ਇਕ ਟੁਕੜਾ ਹੀ ਹੈ, ਪਰ ਆਪਣੇ ਅਦੁੱਤੀ ਹੁਸਨ ਕਰਕੇ ਇਸ ਨੂੰ ਅਸਮਾਨੀ ਛੋਹ ਲੱਗੀ ਪ੍ਰਤੀਤ ਹੁੰਦੀ ਹੈ । ਇਸ ਵਿਚ ਅਰਸ਼ਾਂ ਦੀ ਸੁੰਦਰਤਾ ਲਿਸ਼ਕਦੀ ਹੈ । ਧਰਤੀ ਦੇ ਰਸ ਤੇ ਸਵਾਦ ਨਾਲ ਭਰੇ ਇਸਦੇ ਨਜ਼ਾਰਿਆਂ ਵਿਚੋਂ ਕਿਸੇ ਅਸਮਾਨੀ ਭੇਤ ਦਾ ਅਨੁਭਵ ਪ੍ਰਾਪਤ ਹੁੰਦਾ ਹੈ, ਭਾਵ ਕਸ਼ਮੀਰ ਦੀ ਸੁੰਦਰਤਾ ਅਦਭੁਤ, ਵਿਸਮਾਦਮਈ ਅਤੇ ਰੱਬੀ ਹੈ ।

***ਜਾਂ***

**ਅੱਜ ਆਖਾਂ .................... ਨੂੰ ਕਹਿਣ ।**

**ਪ੍ਰਸੰਗ**—ਇਹ ਕਾਵਿ-ਟੁਕੜੀ 'ਲਾਜ਼ਮੀ ਪੰਜਾਬੀ–12' ਪਾਠ-ਪੁਸਤਕ ਵਿਚ ਦਰਜ ਅੰਮ੍ਰਿਤਾ ਪ੍ਰੀਤਮ ਦੀ ਲਿਖੀ ਹੋਈ ਪ੍ਰਸਿੱਧ ਕਵਿਤਾ 'ਵਾਰਸ ਸ਼ਾਹ' ਵਿੱਚੋਂ ਲਿਆ ਗਿਆ ਹੈ । ਇਸ ਕਵਿਤਾ ਵਿਚ ਕਵਿਤ੍ਰੀ ਨੇ 1947 ਵਿਚ ਪੰਜਾਬ ਦੀ ਵੰਡ ਸਮੇਂ ਇੱਥੇ ਛਿੜੇ ਭਰਾ-ਮਾਰੂ ਫ਼ਸਾਦਾਂ ਵਿਰੁੱਧ ਦਰਦ ਵੰਡਾਉਣ ਲਈ ਵਾਰਸ ਸ਼ਾਹ ਨੂੰ ਸੰਬੋਧਨ ਕੀਤਾ ਹੈ ।

**ਵਿਆਖਿਆ**—ਕਵਿਤ੍ਰੀ ਆਖਦੀ ਹੈ ਕਿ ਹੇ ਕਵੀ ਵਾਰਸ ਸ਼ਾਹ ! ਤੂੰ ਅੱਜ ਕਿਧਰੋਂ ਕਬਰਾਂ ਵਿੱਚੋਂ ਬੋਲ ਪੈ ਤੇ ਇਸ਼ਕ ਦੀ ਕਿਤਾਬ ਦਾ ਕੋਈ ਅਗਲਾ ਵਰਕਾ ਫੋਲ ਕੇ ਪਿਆਰ ਦਾ ਗੀਤ ਗਾ । ਕਿਸੇ ਸਮੇਂ ਤੂੰ ਪੰਜਾਬ ਦੀ ਇਕ ਧੀ ਅਰਥਾਤ ਹੀਰ ਦੇ ਰੋਣ ਨੂੰ, ਜਦੋਂ ਉਹ ਆਪਣੇ ਪ੍ਰੇਮੀ ਰਾਂਝੇ ਨਾਲੋਂ ਵਿਛੋੜ ਕੇ ਜ਼ਬਰਦਸਤੀ ਸਹੁਰੇ ਭੇਜੀ ਜਾ ਰਹੀ ਸੀ, ਵੈਣਾਂ ਵਿਚ ਬਿਆਨ ਕੀਤਾ ਸੀ, ਪਰ ਅੱਜ ਹੀਰ ਵਰਗੀਆਂ ਲੱਖਾਂ ਧੀਆਂ ਵਿਲਕ-ਵਿਲਕ ਕੇ ਤੈਨੂੰ ਯਾਦ ਕਰ ਰਹੀਆਂ ਹਨ ਤੇ ਤੈਨੂੰ ਪੁਕਾਰ-ਪੁਕਾਰ ਕੇ ਆਪਣਾ ਦਰਦ ਵੰਡਾਉਣ ਲਈ ਕਹਿ ਰਹੀਆਂ ਹਨ ਕਿਉਂਕਿ ਅੱਜ ਦੇ ਫ਼ਿਰਕੂ-ਫ਼ਸਾਦਾਂ ਵਿਚ ਪੰਜਾਬ ਦੀ ਕਿਸੇ ਧੀ ਦਾ ਭਰਾ ਮਾਰਿਆ ਗਿਆ, ਕਿਸੇ ਦਾ ਪਤੀ ਅਤੇ ਕਿਸੇ ਦਾ ਪ੍ਰੇਮੀ ।

**7. ਉੱਤਰ**—

(*i*) (ੳ) ਤਾਜ ਮਹੱਲ ਦਾ, (*ii*) (ੲ) ਹਰਿਭਜਨ ਸਿੰਘ, (*iii*) (ਅ) ਗੁਰੂ ਤੇਗ਼ ਬਹਾਦਰ ਜੀ, (*iv*) (ੲ) ਹੰਝੂਆਂ ਦਾ ।

**8. ਉੱਤਰ**—

'ਸਾਂਝ' ਕਹਾਣੀ ਦਾ ਵਿਸ਼ਾ ਸਾਡੇ ਦੇਸ਼ ਵਿਚ ਪੈਰ-ਪੈਰ ਤੇ ਫੈਲੀ ਗ਼ਰੀਬੀ ਤੇ ਆਰਥਿਕ ਮੰਦਹਾਲੀ ਹੈ । ਇੱਥੇ ਬੰਦੇ ਨੂੰ ਜ਼ਿੰਦਗੀ ਨੂੰ ਅੱਗੇ ਤੋਰਨ ਲਈ ਕਰੜਾ ਸੰਘਰਸ਼ ਕਰਦਿਆਂ ਬਹੁਤ ਸਾਰੇ ਡਿਕੋ-ਡੋਲੇ ਖਾਣੇ ਪੈਂਦੇ ਹਨ । ਮਾਈ ਵਰਗੇ ਕਈ ਬੇਸਹਾਰੇ ਝੁੱਗੀਆਂ ਵਿਚ ਰਹਿੰਦੇ ਤੇ ਭੁੱਖਣ-ਭਾਣੇ ਸੌਂਦੇ ਹਨ । ਵਿਚਾਰਿਆਂ ਨੂੰ ਮੈਲੇ-ਕੁਚੈਲੇ ਤੇ ਲੀਰਾਂ ਹੋਏ ਕੱਪੜਿਆਂ ਨਾਲ ਗੁਜ਼ਾਰਾ ਕਰਨਾ ਪੈਂਦਾ ਹੈ । ਅਜਿਹੇ ਗ਼ਰੀਬੀ ਤੇ ਤੰਗੀਆਂ ਭਰੇ ਜੀਵਨ ਤੋਂ ਛੁਟਕਾਰੇ ਲਈ ਉਹ ਧਰਮ-ਸਥਾਨਾਂ ਦਾ ਸਹਾਰਾ ਲੈਂਦੇ ਹਨ, ਜਿੱਥੇ ਪਹੁੰਚਣ ਲਈ ਨਾ ਉਨ੍ਹਾਂ ਦੇ ਸਰੀਰ ਵਿਚ ਤਾਕਤ ਹੁੰਦੀ ਹੈ, ਨਾ ਜੇਬ ਵਿਚ ਕਿਰਾਇਆ ਹੁੰਦਾ ਹੈ ਤੇ ਨਾ ਤਪਦੇ ਰਸਤੇ ਤੋਂ ਬਚਣ ਲਈ ਪੈਰੀਂ ਪਾਉਣ ਲਈ ਜੁੱਤੀ ਹੁੰਦੀ ਹੈ । ਇੰਨਾਂ ਕੁੱਝ ਹੋਣ ਦੇ ਬਾਵਜੂਦ ਵੀ ਸਾਡੇ ਆਲ਼ੇ-ਦੁਆਲ਼ੇ ਵਿਚ ਅਜਿਹੇ ਲੋਕਾਂ ਦੀ ਸਹਾਇਤਾ ਲਈ ਪ੍ਰੋਫ਼ੈਸਰ ਤੇ ਚੀਰੇ ਵਾਲੇ ਨੌਜਵਾਨ ਵਰਗੇ ਨੇਕ ਦਿਲ ਤੇ ਇਨਸਾਨੀ ਹਮਦਰਦੀ ਵਾਲੇ ਲੋਕ ਮੌਜੂਦ ਹਨ, ਜੋ ਆਪਣੀ ਸਮਰੱਥਾ ਮੁਤਾਬਕ ਥੁੜ੍ਹਾਂ ਮਾਰੇ ਲੋਕਾਂ ਦੀ ਸਹਾਇਤਾ ਲਈ ਕੁੱਝ ਨਾ ਕੁੱਝ ਹਿੱਸਾ ਪਾਉਂਦੇ ਹਨ ਤੇ ਜ਼ਿੰਦਗੀ ਚਲਦੀ ਹੈ ।

ਇਸ ਪ੍ਰਕਾਰ ਇਸ ਕਹਾਣੀ ਦਾ ਵਿਸ਼ਾ ਦੇਸ਼ ਵਿਚ ਪਸਰੀ ਗ਼ਰੀਬੀ ਤੇ ਮੰਦਹਾਲੀ ਹੈ । ਬੇਸ਼ਕ ਇਹ ਕਹਾਣੀ ਅੱਜ ਤੋਂ ਸੱਠ-ਸੱਤਰ ਸਾਲ ਪਹਿਲਾਂ ਲਿਖੀ ਗਈ ਸੀ ਤੇ ਅੱਜ ਭਾਰਤ ਵਿਚ ਲੋਕਾਂ ਦਾ ਰਹਿਣ-ਸਹਿਣ ਪਹਿਲਾਂ ਨਾਲੋਂ ਸੁਧਰਿਆ ਹੈ । ਪਰ ਅਜੇ ਤੱਕ ਬਹੁਗਿਣਤੀ ਲੋਕਾਂ ਦਾ ਗ਼ਰੀਬੀ ਤੇ ਨੀਵੇਂ ਪੱਧਰ ਦੇ ਜੀਵਨ ਤੋਂ ਪੂਰੀ ਤਰ੍ਹਾਂ ਛੁਟਕਾਰਾ ਨਹੀਂ ਹੋ ਸਕਿਆ ।

***ਜਾਂ***

'ਮਾੜਾ ਬੰਦਾ' ਕਹਾਣੀ ਦਾ ਮੁੱਖ-ਪਾਤਰ (ਮੈਂ-ਪਾਤਰ) ਸ਼ਹਿਰੀ ਮੱਧ-ਸ਼੍ਰੇਣੀ ਨਾਲ ਸੰਬੰਧਿਤ ਹੈ । ਉਹ ਆਪਣੀ ਪਤਨੀ ਤੇ ਪੁੱਤਰ ਨਾਲ ਘਰ ਵਿਚ ਰਹਿੰਦਾ ਹੈ । ਉਹ ਹਰ ਰੋਜ਼ ਢਾਈ ਤਿੰਨ ਰੁਪਇਆਂ ਦੀਆਂ ਸਿਗਰਟਾਂ ਫੂਕਦਾ ਹੈ । ਉਹ ਇਕ ਦਮ ਗੁੱਸੇ ਵਿਚ ਆ ਜਾਣ ਵਾਲਾ ਤੇ ਫੋਕਾ ਅਭਿਮਾਨ ਰੱਖਣ ਵਾਲਾ ਬੰਦਾ ਹੈ । ਇਸ ਅਭਿਮਾਨ ਕਰਕੇ ਹੀ ਉਹ ਰਿਕਸ਼ੇ ਵਾਲੇ ਨਾਲ ਥੋੜ੍ਹੇ ਜਿਹੇ ਪੈਸਿਆਂ ਪਿੱਛੇ ਗਰਮ ਹੋ ਜਾਂਦਾ ਹੈ । ਪਰ ਨਾਲ ਹੀ ਉਸਨੂੰ ਫੋਕੀ ਇੱਜ਼ਤ ਦਾ ਖ਼ਿਆਲ ਵੀ ਰਹਿੰਦਾ ਹੈ । ਉਹ ਆਪਣੀ ਪਤਨੀ ਸਾਹਮਣੇ ਵੀ ਫੋਕੀ ਦਲੇਰੀ ਜ਼ਾਹਰ ਕਰਦਾ ਹੈ । ਉਹ ਝੂਠ ਤੇ ਚਲਾਕੀ ਤੋਂ ਕੰਮ ਲੈ ਕੇ ਰਿਕਸ਼ੇ ਵਾਲੇ ਉੱਤੇ ਝੂਠਾ ਦੋਸ਼ ਲਾ ਕੇ ਉਸਦੀ ਪੁਲਿਸ ਨੂੰ ਰਿਪੋਰਟ ਦੇਣ ਦੀ ਧਮਕੀ ਦੇਣ ਦੀ ਤਿਆਰੀ ਕਰਦਾ ਹੈ । ਇਸ ਤਰ੍ਹਾਂ ਗ਼ਰੀਬਾਂ ਲਈ ਹਮਦਰਦੀ ਉਸਦੇ ਨੇੜੇ-ਤੇੜੇ ਵੀ ਨਹੀਂ । ਉਹ ਆਪਣੇ ਆਪ ਨੂੰ ਬਾਹਰੋਂ ਤਾਂ ਦਲੇਰ ਜ਼ਾਹਰ ਕਰਦਾ ਹੈ, ਪਰ ਅੰਦਰੋਂ ਡਰਪੋਕ ਹੈ । ਉਹ ਬੇਸ਼ਕ ਆਪਣੀ ਪਤਨੀ ਦੀ ਸਮਝੌਤੇਬਾਜ਼ੀ ਦੀ ਰੁਚੀ ਨੂੰ ਪਸੰਦ ਨਹੀਂ ਕਰਦਾ, ਪਰ ਅੰਦਰੋਂ ਡਰਪੋਕ ਹੋਣ ਕਰਕੇ ਬਾਹਰ ਰਿਕਸ਼ੇ ਵਾਲੇ ਨੂੰ ਖੜ੍ਹਾ ਦੇਖ ਕੇ ਬੇਚੈਨ ਰਹਿੰਦਾ ਹੈ । ਇਸ ਪ੍ਰਕਾਰ ਕਹਾਣੀਕਾਰ ਨੇ ਉਸਨੂੰ ਵਿਅੰਗਾਤਮਿਕ ਰੂਪ ਵਿਚ ਪੇਸ਼ ਕੀਤਾ ਹੈ ।

HOLY FAITH INTERNATIONAL (P) LTD.

**9. ਉੱਤਰ–**

(*i*) (ੳ) ਸੁਜਾਨ ਸਿੰਘ, (*ii*) (ਅ) ਦੁਖਾਂਤਕ, (*iii*) (ਸ) ਮਾੜਾ ਬੰਦਾ, (*iv*) (ੳ) ਜੀਤੋ ਦਾ ਵੀਰ, (*v*) (ੳ) ਤਿੰਨ ਦਿਨ ।

**10. ਉੱਤਰ–**

(*i*) ਬੁੱਢੀ ਮਾਈ ਸੁੱਕੀ ਹੋਈ ਸੀ । ਉਸਦੀਆਂ ਅੱਖਾਂ ਕਮਜ਼ੋਰ ਸਨ ਤੇ ਪੈਰ ਨੰਗੇ ਸਨ । ਉਸਦਾ ਕੁੜਤਾ ਬਹੁਤ ਮੈਲਾ ਤੇ ਗੰਦੀ ਸੁੱਥਣ ਨੂੰ ਟਾਕੀਆਂ ਲੱਗੀਆਂ ਹੋਈਆਂ ਸਨ । ਉਸਦੀ ਚੁੰਨੀ ਵੀ ਫਟੀ ਹੋਈ ਸੀ ਤੇ ਸਰੀਰ ਪਸੀਨੇ ਨਾਲ ਗੰਦਾ ਸੀ ।

(*ii*) ਕਹਾਣੀਕਾਰ ਦੀ ਤ੍ਰੀਮਤ (ਪਤਨੀ) ਨੇ ਗੁਆਲੇ ਦੇ ਬਾਕੀ ਡੰਗਰਾਂ ਵਿਚੋਂ ਨੀਲੀ ਇਸ ਕਰਕੇ ਪਸੰਦ ਕੀਤੀ ਸੀ ਕਿਉਂਕਿ ਉਸਦਾ ਵਿਚਾਰ ਸੀ ਕਿ ਸੋਹਣੀ ਤੇ ਸਿਹਤਮੰਦ ਗਾਂ ਦਾ ਦੁੱਧ ਵਧੀਆ ਹੁੰਦਾ ਹੈ ।

(*iii*) ਰਿਕਸ਼ੇ ਵਾਲੇ ਦੀ ਭੈੜੀ ਬੁਸ਼ਰਟ ਉੱਤੇ ਪਿੱਠ ਵਾਲੀ ਥਾਂ ਅਤੇ ਸੱਜੇ ਮੋਢੇ ਦੀ ਹੱਡੀ ਤਕ ਹੋਰ ਹੀ ਰੰਗ ਦੀ ਟਾਕੀ ਲੱਗੀ ਹੋਈ ਸੀ । ਕੱਛੇ ਹੇਠ ਉਸ ਦੀਆਂ ਕਾਲੀਆਂ ਸੁੱਕੀਆਂ ਲੱਤਾਂ ਸਨ ਤੇ ਸਿਰ ਦੇ ਵਾਲ਼ ਮੈਲੇ ਤੇ ਉਲਝੇ ਹੋਏ ਸਨ । ਉਹ ਸ਼ਕਲ ਤੋਂ ਚੋਰ ਜਾਪਦਾ ਸੀ । ਉਸ ਦੀਆਂ ਨਜਰਾਂ ਭੁੱਖੀਆਂ ਤੇ ਕਮੀਨੀਆਂ ਪ੍ਰਤੀਤ ਹੁੰਦੀਆਂ ਹਨ ।

(*iv*) ਆਨੰਦ ਕਾਰਜ ਕਰਾਉਣ ਵਾਲਾ ਭਾਈ ਜੀਤੋ ਨੂੰ ਸਿੱਖਿਆ ਦੇ ਰਿਹਾ ਸੀ ਕਿ ਸਹੁਰੇ-ਘਰ ਜਾ ਕੇ ਉਸ ਨੇ ਕਿਸ ਤਰ੍ਹਾਂ ਨਿਮਰਤਾ ਤੇ ਅਧੀਨਗੀ ਵਾਲਾ ਜੀਵਨ ਗੁਜ਼ਾਰਨਾ ਹੈ । ਉੱਥੇ ਉਸ ਲਈ ਪਤੀ ਹੀ ਪਰਮੇਸ਼ਰ ਹੈ । ਉਸ ਨੇ ਹਰ ਕੰਮ ਵਿਚ ਉਸ ਦੀ ਸਲਾਹ ਲੈਣੀ ਹੈ । ਉਸ ਨੇ ਬਿਨਾਂ ਪੁੱਛੇ ਆਪਣੀ ਮਰਜ਼ੀ ਨਾਲ ਕੋਈ ਕੰਮ ਨਹੀਂ ਕਰਨਾ । ਪਤੀ ਨੂੰ ਖ਼ੁਸ਼ ਰੱਖਣ ਲਈ ਉਸ ਨੂੰ ਨਿਵਣ, ਖਵਣ ਆਦਿ ਗੁਣਾਂ ਨੂੰ ਧਾਰਨ ਕਰਨਾ ਚਾਹੀਦਾ ਹੈ ।

(*v*) ਰਿਕਸ਼ੇ ਵਾਲੇ ਨਾਲ ਲੇਖਕ ਦੀ ਪਤਨੀ ਦੇ ਝਗੜੇ ਦਾ ਕਾਰਨ ਇਹ ਸੀ ਕਿ ਉਹ ਉਸ ਨਾਲ ਸਬਜ਼ੀ ਮੰਡੀ ਤੋਂ ਘਰ ਦਾ ਕਿਰਾਇਆ ਦੋ ਰੁਪਏ ਕਰ ਕੇ ਆਈ ਸੀ ਪਰੰਤੂ ਉਹ ਦੂਰੀ ਦੇ ਵੱਧ ਹੋਣ ਤੇ ਸੜਕ ਖਰਾਬ ਦਾ ਬਹਾਨਾ ਬਣਾ ਕੇ ਤਿੰਨ ਰੁਪਏ ਮੰਗਣ ਲੱਗਾ ਪਰ ਉਹ ਵੱਧ ਪੈਸੇ ਦੇਣ ਲਈ ਤਿਆਰ ਨਹੀਂ ਸੀ ।

**11. ਉੱਤਰ–**

(*i*) (ੳ) ਡਾ: ਐੱਸ.ਐੱਸ. ਵਣਜਾਰਾ ਬੇਦੀ, (*ii*) (ੳ) ਦੈਵੀ ਤਾਕਤਾਂ ਦਾ, (*iii*) (ੲ) ਖੇਡ, (*iv*) (ੲ) 5000 ਪੂ: ਈ:, (*v*) (ੳ) ਸ਼ੁੱਧਤਾ ਦਾ ।

**12. ਉੱਤਰ–**

(ੳ) ਪੰਜਾਬ ਵਿਚ ਤਿੱਥਾਂ ਨਾਲ ਸੰਬੰਧਿਤ ਬਹੁਤ ਸਾਰੇ ਤਿੱਥ-ਤਿਉਹਾਰ ਸਾਲ ਦੇ ਹਰ ਮਹੀਨੇ ਵਿਚ ਮਨਾਏ ਜਾਂਦੇ ਹਨ । ਪੰਜਾਬ ਵਿਚ ਚੰਨ ਦੀਆਂ ਤਿੱਥਾਂ ਮੁਤਾਬਿਕ ਏਕਾਦਸ਼ੀ, ਮੱਸਿਆ, ਪੂਰਨਮਾਸ਼ੀ ਤੇ ਸੰਗਰਾਂਦ ਹਰ ਮਹੀਨੇ ਆਉਂਦੇ ਰਹਿੰਦੇ ਹਨ । ਇਨ੍ਹਾਂ ਤੋਂ ਇਲਾਵਾ ਨਵਾਂ ਸਾਲ ਚੜ੍ਹਦਿਆਂ ਚੇਤਰ ਦੀ ਏਕਮ ਨੂੰ ਨਵਾਂ ਸੰਮਤ, ਚੇਤਰ ਸੁਦੀ ਅੱਠਵੀਂ ਨੂੰ ਕੰਜਕਾਂ, ਚੇਤਰ ਸੁਦੀ ਨੌਂ ਨੂੰ ਰਾਮ ਨੌਵੀਂ, ਸਾਵਣ ਵਿਚ ਤੀਆਂ, ਸਾਵਣ ਦੀ ਪੂਰਨਮਾਸ਼ੀ ਨੂੰ ਰੱਖੜੀ, ਭਾਦੋਂ ਵਿਚ ਗੁੱਗਾ ਨੌਵੀਂ, ਭਾਦੋਂ ਦੀ ਕ੍ਰਿਸ਼ਨ ਪੱਖ ਦੀ ਅੱਠਵੀਂ ਨੂੰ ਜਨਮ ਅਸ਼ਟਮੀ, ਅੱਸੂ ਦੇ ਹਨੇਰੇ ਪੱਖ ਦੀਆਂ ਪੰਦਰਾਂ ਤਿੱਥਾਂ ਨੂੰ ਸਰਾਧ, ਅੱਸੂ ਦੇ ਚਾਨਣ ਪੱਖ ਦੀ ਏਕਮ ਤੋਂ ਨੌਵੀਂ ਤਕ ਨੌਰਾਤੇ, ਨੌਰਾਤਿਆਂ ਵਿਚ ਮਾਤਾ ਗੌਰਜਾਂ ਤੇ ਸਾਂਝੀ ਦੇਵੀ ਦੀ ਪੂਜਾ, ਰਾਮ-ਲੀਲ੍ਹਾ, ਦੁਸਹਿਰਾ, ਕੱਤਕ ਦੀ ਮੱਸਿਆ ਨੂੰ ਦੀਵਾਲੀ, ਹਨੇਰੇ ਪੱਖ ਦੀ ਚੌਥੀ ਤਿੱਥ ਨੂੰ ਕਰਵਾ ਚੌਥ, ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ, ਪੋਹ ਮਹੀਨੇ ਦੇ ਆਖ਼ਰੀ ਦਿਨ ਲੋਹੜੀ, ਮਾਘ ਦੀ ਏਕਮ ਨੂੰ ਮਕਰ ਸੰਕ੍ਰਾਂਤੀ ਜਾਂ ਮਾਘੀ ਤੇ ਫੱਗਣ ਦੀ ਮੱਸਿਆ ਨੂੰ ਸ਼ਿਵਰਾਤਰੀ ਦਾ ਤਿਉਹਾਰ ਆਉਂਦਾ ਹੈ ।

(ਅ) ਪਹਿਲੇ ਸਮਿਆਂ ਵਿਚ ਮੁੰਡੇ ਦੇ ਜਨਮ ਸਮੇਂ ਘਰ ਖ਼ੁਸ਼ੀਆਂ ਨਾਲ ਭਰ ਜਾਂਦਾ ਸੀ । ਲਾਗੀ ਤੇ ਭਾਈਚਾਰੇ ਦੇ ਲੋਕ ਵਧਾਈਆਂ ਦੇਣ ਆਉਂਦੇ ਸਨ । ਗੁੜ ਤੇ ਲੱਡੂ ਵੰਡੇ ਜਾਂਦੇ ਸਨ, ਪਰ ਜੇਕਰ ਕੁੜੀ ਜੰਮ ਪਵੇ, ਤਾਂ ਸਾਰਾ ਘਰ ਮਸੋਸਿਆ ਜਾਂਦਾ ਸੀ । ਨਾ ਕੋਈ ਵਧਾਈ ਦੇਣ ਆਉਂਦਾ ਸੀ ਤੇ ਨਾ ਗੁੜ ਜਾਂ ਲੱਡੂ ਵੰਡੇ ਜਾਂਦੇ ਸਨ । ਕੁੜੀ ਦਾ ਨਾਮਕਰਨ ਸੰਸਕਾਰ ਵੀ ਕੋਈ ਨਹੀਂ ਸੀ ਹੁੰਦਾ । ਪਰ ਹੁਣ ਸਮਾਂ ਬਦਲ ਗਿਆ ਹੈ । ਅੱਜ ਪਰਿਵਾਰਾਂ ਦੇ ਛੋਟੇ ਹੋਣ, ਕੁੜੀਆਂ ਦੇ ਪੜ੍ਹ-ਲਿਖ ਜਾਣ, ਨੌਕਰੀਆਂ ਉੱਤੇ ਲੱਗਣ, ਇਸਤਰੀ-ਮਰਦ ਦੀ ਬਰਾਬਰੀ ਤੇ ਲੋਕ-ਰਾਜੀ ਵਿਚਾਰ ਪੈਦਾ ਹੋਣ ਨਾਲ ਕੁੜੀਆਂ ਨਾਲ ਵਿਤਕਰਾ ਕਾਫ਼ੀ ਘਟ ਗਿਆ ਹੈ ਤੇ ਅੱਗੋਂ ਘਟ ਰਿਹਾ ਹੈ ।

(ੲ) ਪੰਜਾਬ ਵਿਚ ਲਗਾਤਾਰ ਬਦਲ ਰਹੀਆਂ ਪਰਿਸਥਿਤੀਆਂ ਨੇ ਇੱਥੋਂ ਦੇ ਲੋਕ-ਨਾਚਾਂ ਵਿਚ ਬਹੁਤ ਸਾਰੀਆਂ ਤਬਦੀਲੀਆਂ ਲੈ ਆਂਦੀਆਂ ਹਨ । ਪੰਜਾਬ ਦੇ ਲੋਕ-ਨਾਚ ਪੰਜਾਬੀਆਂ ਦੇ ਸਭਿਆਚਾਰ ਕੇਂਦਰਾਂ, ਪਿੰਡਾਂ, ਪਿੜਾਂ, ਖੇਤਾਂ, ਬੇਲਿਆਂ ਆਦਿ ਤੋਂ ਸਟੇਜ, ਫ਼ਿਲਮਾਂ ਅਤੇ ਟੈਲੀਵਿਜ਼ਨ ਤਕ ਦੇ ਸਫ਼ਰ ਨੂੰ ਤੈਅ ਕਰ ਚੁੱਕੇ ਹਨ ਤੇ ਇਸ ਪੜਾਅ ਤੇ ਪੁੱਜ ਕੇ ਇਨ੍ਹਾਂ ਵਿਚ ਕਈ ਪ੍ਰਕਾਰ ਦੀਆਂ ਤਬਦੀਲੀਆਂ ਆ ਚੁੱਕੀਆਂ ਹਨ । ਇਹ ਤਬਦੀਲੀਆਂ ਮੁਦਰਾਵਾਂ ਦੇ ਸੰਚਾਲਨ, ਗਤੀ ਦੀ ਤੀਬਰਤਾ, ਨਵ-ਸਿਰਜਕ ਨਿੱਜੀ ਗੀਤ-ਮੁਖੀ ਬੋਲੀਆਂ, ਸਟੇਜੀ ਜ਼ਰੂਰਤ, ਪੁਸ਼ਾਕ, ਹਾਰ-ਸ਼ਿੰਗਾਰ, ਸਾਜ਼-ਸੰਗੀਤ ਅਤੇ ਵਿਸ਼ੇਸ਼ ਭਾਂਤ ਦੀ ਸਿਖਲਾਈ ਆਦਿ ਦੇ ਕਈ ਪੱਖਾਂ ਵਿਚੋਂ ਜ਼ਾਹਰ ਹੁੰਦੀਆਂ ਹਨ ।

## ਨਿਊ ਸਟਾਈਲ ਮਾਡਲ ਟੈੱਸਟ ਪੇਪਰ—4

**1. ਉੱਤਰ–**

***(i)*** (ੳ) ਇਕ ਸ੍ਵੈ-ਸੰਪੰਨ ਇਕਾਈ ।

***(ii)*** (ੳ) ਪਰਿਵਾਰ ਦੇ ।

***(iii)*** (ੳ) ਪਰਿਵਾਰ ।

***(iv)*** (ੲ) ਭਾਈਚਾਰਾ ।

***(v)*** (ਅ) ਮਾਨਵਕਾਰੀ ।

***(vi)*** (ੳ) ਲੋਕ-ਗੀਤਾਂ ਨੇ ।

***(vii)*** (ੲ) ਆਪਣੇ ਵਿਰਸੇ ਵਲ ।

***(viii)*** (ਅ) ਸਾਡਾ ਮੱਧ-ਕਾਲੀਨ ਪਿੰਡ ।

**2. ਉੱਤਰ—**

ਪਿੰਡ ਤੇ ਡਾਕ: ਹਰਚੋਆਲ,
ਜ਼ਿਲ੍ਹਾ ਹੁਸ਼ਿਆਰਪੁਰ ।

ਹਵਾਲਾ ਨੰ: 4212, ਮਿਤੀ 17 ਅਗਸਤ, 20...

ਮੁੱਖ ਖੇਤੀਬਾੜੀ ਅਫ਼ਸਰ,
ਖੇਤਰੀ ਖੋਜ ਕੇਂਦਰ,
ਹੁਸ਼ਿਆਰਪੁਰ ।

**ਵਿਸ਼ਾ**—ਕਿਸਾਨ ਮੇਲੇ ਵਿਚ ਸਟਾਲ ਲਾਉਣ ਸੰਬੰਧੀ ।

ਸ੍ਰੀਮਾਨ ਜੀ,

ਬੀਤੇ ਦਿਨ ਅਖ਼ਬਾਰਾਂ ਵਿਚ ਛਪੇ ਇਸ਼ਤਿਹਾਰ ਤੋਂ ਪਤਾ ਲੱਗਾ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਨਾ ਵਲੋਂ 16 ਸਤੰਬਰ, 20.... ਨੂੰ ਜਲੰਧਰ ਵਿਚ ਇਕ ਕਿਸਾਨ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ । ਮੈਂ ਇਸ ਮੇਲੇ ਵਿਚ ਆਪਣਾ ਸਟਾਲ ਲਾਉਣਾ ਚਾਹੁੰਦਾ ਹਾਂ, ਜਿਸ ਵਿਚ ਹੇਠ ਲਿਖੇ ਅਨੁਸਾਰ ਵਸਤਾਂ ਸ਼ਾਮਲ ਕੀਤੀਆਂ ਜਾਣਗੀਆਂ :

*(i)* ਮੈਂ ਆਪਣੇ ਫ਼ਾਰਮ ਵਿਚ ਇਕ ਛੋਟਾ ਜਿਹਾ ਯੂਨਿਟ ਲਾ ਕੇ ਡੱਬਾ-ਬੰਦ ਸਾਗ, ਸਬਜ਼ੀਆਂ, ਦਾਲਾਂ, ਕੜ੍ਹੀ, ਭਿੰਨ-ਭਿੰਨ ਪ੍ਰਕਾਰ ਦੇ ਅਚਾਰ, ਮੁਰੱਬੇ ਤੇ ਜਾਮ ਤਿਆਰ ਕਰਦਾ ਹਾਂ, ਜੋ ਕਿ ਲੋਕਾਂ ਵਿਚ ਬਹੁਤ ਪਸੰਦ ਕੀਤੇ ਜਾਂਦੇ ਹਨ ।

*(ii)* ਇਸ ਤੋਂ ਇਲਾਵਾ ਮੈਂ ਆਪਣੇ ਫਾਰਮ ਵਿਚ ਫੁੱਲਾਂ ਦੀ ਖੇਤੀ ਦੇ ਨਾਲ ਸ਼ਹਿਦ ਦੀਆਂ ਮੱਖੀਆਂ ਪਾਲ ਕੇ ਸ਼ਹਿਦ ਤਿਆਰ ਕਰਦਾ ਹਾਂ ਤੇ ਬੋਤਲਾਂ ਵਿਚ ਬੰਦ ਕਰ ਕੇ ਵੇਚਦਾ ਹਾਂ । ਇਸ ਸਟਾਲ ਤੋਂ ਲੋਕਾਂ ਨੂੰ ਸ਼ੁੱਧ ਸ਼ਹਿਦ ਪ੍ਰਾਪਤ ਹੋਵੇਗਾ ।

*(iii)* ਮੇਰੇ ਇਸ ਸਟਾਲ ਤੋਂ ਜਿੱਥੇ ਕਿਸਾਨਾਂ ਤੇ ਆਮ ਲੋਕਾਂ ਨੂੰ ਆਪਣੇ ਘਰਾਂ ਵਿਚ ਵਰਤਣ ਲਈ ਸ਼ੁੱਧ ਤੇ ਗੁਣਵੱਤਾ ਵਾਲੇ ਰੈਡੀਮੇਡ ਖਾਣੇ ਪ੍ਰਾਪਤ ਹੋ ਸਕਣਗੇ, ਉੱਥੇ ਉਹ ਆਪਣੇ ਘਰਾਂ ਤੇ ਫ਼ਾਰਮਾਂ ਵਿਚ ਛੋਟੇ-ਛੋਟੇ ਸ੍ਵੈ-ਰੁਜ਼ਗਾਰ ਖੋਲ੍ਹਣ ਲਈ ਵੀ ਉਤਸ਼ਾਹਿਤ ਹੋਣਗੇ ।

*(iv)* ਇਸ ਦੇ ਨਾਲ ਹੀ ਇਸ ਸਟਾਲ ਤੋਂ ਕਿਸਾਨਾਂ ਨੂੰ ਆਰਗੈਨਿਕ ਖੇਤੀ ਕਰਨ ਤੇ ਪਾਣੀ ਦੀ ਘੱਟ ਵਰਤੋਂ ਨਾਲ ਫ਼ਸਲਾਂ ਪੈਦਾ ਕਰਨ ਸੰਬੰਧੀ ਛਪਿਆ ਲਿਟਰੇਚਰ ਮੁਫ਼ਤ ਵੰਡਿਆ ਜਾਵੇਗਾ ।

*(v)* ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਆਪਣੇ ਉਤਪਾਦਨਾਂ ਦੀ ਗੁਣਵੱਤਾ ਕਰਕੇ ਮੈਨੂੰ ਬਹੁਤ ਸਾਰੇ ਇਨਾਮ-ਸਨਮਾਨ ਵੀ ਪ੍ਰਾਪਤ ਹੋ ਚੁੱਕੇ ਹਨ ।

*(vi)* ਕਿਰਪਾ ਕਰਕੇ ਇਹ ਜਾਣਕਾਰੀ ਦਿੱਤੀ ਜਾਵੇ ਕਿ ਮੈਨੂੰ ਇਸ ਮੇਲੇ ਵਿਚ ਕਿਸ ਆਕਾਰ ਦਾ ਸਟਾਲ ਲਾਉਣ ਦੀ ਆਗਿਆ ਹੋਵੇਗੀ ਤੇ ਇਸ ਦੀ ਫ਼ੀਸ ਕਿੰਨੀ ਅਦਾ ਕਰਨੀ ਪਵੇਗੀ । ਸਟਾਲ ਦੀ ਸਥਿਤੀ ਕੀ ਹੋਵੇਗੀ ਤੇ ਕੀ ਇਸ ਦੇ ਪਰਚਾਰ ਲਈ ਬੈਨਰ ਜਾਂ ਬੋਰਡ ਵੀ ਲਾਏ ਜਾ ਸਕਣਗੇ ਜਾਂ ਨਹੀਂ ?

ਆਸ ਹੈ ਕਿ ਆਪ ਮੈਨੂੰ ਮੇਲੇ ਵਿਚ ਸਟਾਲ ਲਾਉਣ ਦੀ ਪਰਵਾਨਗੀ ਦਿਓਗੇ । ਇਸ ਸੰਬੰਧੀ ਆਪ ਵਲੋਂ ਨਿਰਧਾਰਿਤ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ ।

ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,
ਰਿਤੇਸ਼ ਕੁਮਾਰ ।
ਮੋਬਾਈਲ .............

***ਜਾਂ***

**ਉੱਤਰ—**

1029 ਕ੍ਰਿਸ਼ਨਾ ਨਗਰ,
ਹੁਸ਼ਿਆਰਪੁਰ ।
ਮਿਤੀ 17 ਦਸੰਬਰ, 20....

ਮੈਨੇਜਰ ਸਾਹਿਬ,
ਮਿਲਕ ਪਲਾਂਟ,
ਹੁਸ਼ਿਆਰਪੁਰ ।

**ਵਿਸ਼ਾ**—ਦੁੱਧ ਇਕੱਤਰ ਕੇਂਦਰਾਂ ਤੋਂ ਦੁੱਧ ਢੋਣ ਲਈ ਪੇਸ਼ਕਸ਼ ।

ਸ੍ਰੀਮਾਨ ਜੀ,

ਸਨਿਮਰ ਬੇਨਤੀ ਇਹ ਹੈ ਕਿ ਮੈਨੂੰ 18 ਦਸੰਬਰ, 20.... ਦੀ 'ਅਜੀਤ' ਅਖ਼ਬਾਰ ਵਿਚੋਂ ਪਤਾ ਲੱਗਾ ਹੈ ਕਿ ਆਪ ਨੂੰ ਦੁੱਧ ਇਕੱਤਰ ਕੇਂਦਰਾਂ ਤੋਂ ਮਿਲਕ ਪਲਾਂਟ ਤਕ ਦੁੱਧ ਢੋਣ ਲਈ ਕੁੱਝ ਪ੍ਰਾਈਵੇਟ ਟੈਂਕਰਾਂ ਤੇ ਟੈਂਪੂਆਂ ਦੀ ਜ਼ਰੂਰਤ ਹੈ । ਮੈਂ ਆਪਣੇ ਆਪ ਨੂੰ ਇਸ ਸੇਵਾ ਲਈ ਪੇਸ਼ ਕਰਨਾ ਚਾਹੁੰਦਾ ਹਾਂ । ਮੈਂ ਇਕ ਸਧਾਰਨ ਕਿਸਾਨ ਦਾ ਮਿਹਨਤੀ ਪੁੱਤਰ ਹਾਂ ਤੇ ਮੈਂ ਪਿੱਛੇ ਜਿਹੇ ਬੈਂਕ ਤੋਂ ਕਰਜ਼ਾ ਲੈ ਕੇ ਟੈਂਕਰ ਖ਼ਰੀਦਿਆ ਹੈ । ਮੈਂ ਬੱਧੀ ਆਮਦਨ ਦਾ ਕੋਈ ਸਾਧਨ ਚਾਹੁੰਦਾ ਹਾਂ । ਕਿਰਪਾ ਕਰ ਕੇ ਆਪ ਮੈਨੂੰ ਆਪਣੇ ਰੇਟਾਂ ਤੇ ਨੇਮਾਂ ਬਾਰੇ ਜਲਦੀ ਸੂਚਨਾ ਭੇਜੋ ।

ਆਪ ਦੇ ਉੱਤਰ ਦੀ ਉਡੀਕ ਵਿਚ ।

ਆਪ ਦਾ ਵਿਸ਼ਵਾਸ-ਪਾਤਰ,
ਕੁਲਤਾਰ ਸਿੰਘ ।
ਮੋਬਾਈਲ .............

**3. ਉੱਤਰ—**

## ਵਾਤਾਵਰਨ ਪ੍ਰਦੂਸ਼ਣ

ਸੂਰਜ ਨਾਲੋਂ ਟੁੱਟਣ ਮਗਰੋਂ ਧਰਤੀ ਨੂੰ ਠੰਢਾ ਹੋਣ ਅਤੇ ਫਿਰ ਉਸ ਉੱਤੇ ਅਜਿਹਾ ਵਾਤਾਵਰਨ ਬਣਨ ਨੂੰ ਕਰੋੜਾਂ ਸਾਲ ਲੱਗ ਗਏ, ਜਿਸ ਵਿਚ ਮਨੁੱਖਾਂ, ਜੀਵਾਂ ਅਤੇ ਬਨਸਪਤੀ ਦੀ ਹੋਂਦ ਤੇ ਵਧਣਾ-ਫੁਲਣਾ ਸੰਭਵ ਹੋ ਸਕਿਆ । ਪਰੰਤੂ ਮਨੁੱਖ ਨੇ ਕਰੋੜਾਂ ਸਾਲਾਂ ਵਿਚ ਉਪਜੇ ਇਸ ਸੰਤੁਲਿਤ ਵਾਤਾਵਰਨ ਨੂੰ ਪਿਛਲੇ 75-80 ਸਾਲਾਂ ਵਿਚ ਬੁਰੀ ਤਰ੍ਹਾਂ ਬਰਬਾਦ ਕਰ ਕੇ ਰੱਖ ਦਿੱਤਾ ਹੈ । ਇਸ ਬਰਬਾਦੀ ਪਿੱਛੇ ਜਿੱਥੇ ਧਰਤੀ ਉੱਤੇ ਮਨੁੱਖਾਂ ਦੀ ਵਧਦੀ ਅਬਾਦੀ ਜ਼ਿੰਮੇਵਾਰ ਹੈ, ਉੱਥੇ ਵਿਗਿਆਨਿਕ ਵਿਕਾਸ ਅਤੇ ਮਨੁੱਖ ਦੀ ਪੈਸਾ ਕਮਾਉਣ ਦੀ ਹਵਸ ਅਤੇ ਵਪਾਰਕ ਰੁਚੀਆਂ ਜ਼ਿੰਮੇਵਾਰ ਹਨ । ਵਿਗਿਆਨਿਕ ਵਿਕਾਸ ਨੇ ਕਾਰਖ਼ਾਨੇ ਲਾ ਕੇ ਬੱਸਾਂ, ਕਾਰਾਂ ਤੇ ਹੋਰ ਮੋਟਰ-ਗੱਡੀਆਂ ਚਲਾ ਕੇ ਅਤੇ ਊਰਜਾ ਪ੍ਰਾਪਤ ਕਰਨ ਦੇ ਸੋਮੇ ਵਿਕਸਿਤ ਕਰ ਕੇ ਹਵਾ ਨੂੰ ਗੰਦੀਆਂ ਜ਼ਹਿਰਾਂ ਤੇ ਧੂੰਏਂ ਨਾਲ ਪਲੀਤ ਕਰ ਦਿੱਤਾ ਹੈ । ਦਰਿਆਵਾਂ, ਸਮੁੰਦਰ ਤੇ ਧਰਤੀ ਹੇਠਲੇ ਪਾਣੀ ਨੂੰ ਕਾਰਖ਼ਾਨਿਆਂ ਦੇ ਜ਼ਹਿਰੀਲੇ

HOLY FAITH INTERNATIONAL (P) LTD.

ਤਰਲ ਵਿਕਾਸ ਤੇ ਸੀਵਰੇਜ ਦੇ ਪਾਣੀ ਦੀ ਗੰਦਗੀ ਨਾਲ ਭਰ ਦਿੱਤਾ ਹੈ । ਵਿਕਾਸ ਦੇ ਨਾਂ ਉੱਤੇ ਹਵਾ ਨੂੰ ਸਾਫ਼ ਰੱਖਣ ਵਾਲੇ ਰੁੱਖ ਲਗਾਤਾਰ ਵੱਢੇ ਜਾ ਰਹੇ ਹਨ । ਕੀੜੇ-ਮਾਰ ਦਵਾਈਆਂ ਤੇ ਰਸਾਇਣਿਕ ਖ਼ਾਦਾਂ ਨਾਲ ਹਵਾ, ਪਾਣੀ ਤੇ ਧਰਤੀ ਦੀ ਮਿੱਟੀ ਅਤੇ ਸਾਡੀ ਖ਼ੁਰਾਕ ਸਭ ਭਿਆਨਕ ਜ਼ਹਿਰਾਂ ਨਾਲ ਭਰੇ ਜਾ ਰਹੇ ਹਨ । ਫਲਸਰੂਪ ਕੈਂਸਰ, ਦਮਾ, ਭਿੰਨ-ਭਿੰਨ ਪ੍ਰਕਾਰ ਦੀਆਂ ਐਲਰਜੀਆ ਤੇ ਲਾਇਲਾਜ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ । ਅਜਿਹੀ ਸਥਿਤੀ ਵਿਚ ਵਾਤਾਵਰਨ ਦੀ ਸੰਭਾਲ ਲਈ ਕਦਮ ਪੁੱਟਣੇ ਬਹੁਤ ਜ਼ਰੂਰੀ ਹਨ, ਨਹੀਂ ਤਾਂ ਧਰਤੀ ਉੱਤੋਂ ਮਨੁੱਖਾਂ ਸਮੇਤ ਜੀਵ-ਜਗਤ ਦਾ ਵਿਨਾਸ਼ ਹੋ ਜਾਵੇਗਾ । ਇਸ ਲਈ ਸਭ ਤੋਂ ਪਹਿਲਾਂ ਆਬਾਦੀ ਨੂੰ ਘਟਾਉਣ ਦੇ ਯਤਨ ਕਰਨੇ ਚਾਹੀਦੇ ਹਨ । ਰੁੱਖਾਂ ਦੀ ਕਟਾਈ ਬਿਲਕੁਲ ਬੰਦ ਕਰ ਦੇਣੀ ਚਾਹੀਦੀ ਹੈ । ਅਜਿਹੇ ਊਰਜਾ ਸਰੋਤਾਂ ਦੀ ਵਰਤੋਂ ਬਹੁਤ ਘੱਟ ਕਰ ਦੇਣੀ ਚਾਹੀਦੀ ਹੈ, ਜਿਹੜੇ ਹਵਾ ਜਾਂ ਪਾਣੀ ਨੂੰ ਗੰਧਲੇ ਕਰਦੇ ਹਨ । ਰਸਾਇਣਿਕ ਖ਼ਾਦਾਂ ਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਬੰਦ ਕਰਨੀ ਚਾਹੀਦੀ ਹੈ । ਸਭ ਤੋਂ ਵੱਡੀ ਗੱਲ ਤਾਂ ਮਨੁੱਖ ਦੇ ਲਾਲਚ ਤੇ ਸ਼ੋਸ਼ਕ ਰੁਚੀ ਨੂੰ ਠੱਲ੍ਹ ਪਾਉਣ ਦੀ ਹੈ । ਜੇਕਰ ਨੇੜੇ ਦੇ ਭਵਿੱਖ ਵਿਚ ਅਜਿਹਾ ਨਾ ਕੀਤਾ ਗਿਆ, ਤਾਂ ਮਨੁੱਖਾਂ ਸਮੇਤ ਧਰਤੀ ਉਤਲੇ ਜੀਵਨ ਦਾ ਰੱਬ ਹੀ ਰਾਖਾ ਹੈ ।

*ਜਾਂ*

### ਸਮੇਂ ਦੀ ਸੰਭਾਲ

ਸਮਾਂ ਲਗਾਤਾਰ ਚਲਦਾ ਜਾ ਰਿਹਾ ਹੈ । ਇਹ ਕਿਸੇ ਦੇ ਰੋਕਿਆਂ ਨਹੀਂ ਰੁਕਦਾ । ਇਸਦੀ ਹਰ ਮਨੁੱਖ ਨੂੰ ਬਹੁਤ ਹੁਸ਼ਿਆਰੀ ਨਾਲ ਵਰਤੋਂ ਕਰਨੀ ਚਾਹੀਦੀ ਹੈ, ਕਿਉਂਕਿ ਇਕ ਵਾਰ ਲੰਘਿਆ ਸਮਾਂ ਕਦੇ ਵੀ ਮੁੜ ਕੇ ਨਹੀਂ ਆਉਂਦਾ । ਮਨੁੱਖੀ ਜੀਵਨ ਦੀ ਸਫਲਤਾ ਦੇ ਬੁਨਿਆਦੀ ਨਿਯਮਾਂ ਵਿਚੋਂ ਇਕ ਹੈ, ਸਮੇਂ ਦਾ ਪਾਬੰਦ ਹੋਣਾ । ਪਰੰਤੂ ਸਾਡੇ ਦੇਸ਼ ਵਿਚ ਇਸ ਨਿਯਮ ਦੀ ਪਾਲਣਾ ਬਹੁਤ ਘੱਟ ਲੋਕ ਕਰਦੇ ਹਨ । ਕੰਮ ਨੂੰ ਵੇਲੇ ਸਿਰ ਕਰਨ ਵਾਲਾ ਆਦਮੀ ਸਾਨੂੰ ਇਸ ਕਰਕੇ ਚੰਗਾ ਲਗਦਾ ਹੈ, ਕਿਉਂਕਿ ਉਹ ਇਕਰਾਰ ਦਾ ਪੱਕਾ ਰਹਿੰਦਾ ਹੈ, ਜਿਸ ਨਾਲ ਦੋਹਾਂ ਧਿਰਾਂ ਨੂੰ ਸੁਖ ਮਿਲਦਾ ਹੈ । ਪਰੰਤੂ ਵੇਲੇ ਸਿਰ ਕੰਮ ਨਾ ਕਰਨ ਵਾਲਾ ਆਦਮੀ ਸਾਡੇ ਕੰਮਾਂ ਵਿਚ ਦਖ਼ਲ ਦਿੰਦਾ ਹੈ ਅਤੇ ਸਮਾਂ ਵਿਅਰਥ ਗੁਆਉਂਦਾ ਹੈ । ਇਸ ਲਈ ਉਹ ਸਾਨੂੰ ਚੰਗਾ ਨਹੀਂ ਲਗਦਾ । ਕੰਮ ਨੂੰ ਵੇਲੇ ਸਿਰ ਕਰਨ ਨਾਲ ਮਨੁੱਖ ਵਿਚ ਹੋਰ ਵੀ ਕਈ ਗੁਣ ਕਾਇਮ ਰਹਿੰਦੇ ਹਨ; ਜਿਵੇਂ ਕੰਮ ਨੂੰ ਤਰੀਕੇ ਸਿਰ ਕਰਨਾ, ਹਿਸਾਬ ਦਾ ਠੀਕ ਰਹਿਣਾ ਤੇ ਇਕਰਾਰ ਪੂਰਾ ਕਰਨਾ ਆਦਿ । ਵੱਡੇ ਆਦਮੀ ਸਮੇਂ ਦੀ ਕਦਰ ਕਾਰਨ ਹੀ ਅਜਿਹੇ ਗੁਣਾਂ ਦੇ ਮਾਲਕ ਹੁੰਦੇ ਹਨ । ਨੈਪੋਲੀਅਨ ਕਹਿੰਦਾ ਹੁੰਦਾ ਸੀ, ''ਹਰ ਇਕ ਘੜੀ, ਜੋ ਅਸੀਂ ਹੱਥੋਂ ਗਵਾ ਬਹਿੰਦੇ ਹਾਂ, ਸਾਡੀ ਬਦਕਿਸਮਤੀ ਦੇ ਖ਼ਜ਼ਾਨੇ ਵਿਚ ਜਮ੍ਹਾਂ ਹੁੰਦੀ ਰਹਿੰਦੀ ਹੈ ।'' ਸੋ ਵਕਤ ਦੀ ਪਾਬੰਦੀ ਸੱਚਮੁੱਚ ਹੀ ਸਾਡੇ ਜੀਵਨ ਲਈ ਬਹੁਤ ਜ਼ਰੂਰੀ ਹੈ । ਜਿਹੜਾ ਮਨੁੱਖ ਸਮੇਂ ਦੀ ਪਰਵਾਹ ਨਹੀਂ ਕਰਦਾ, ਸਮਾਂ ਉਸਦੀ ਪਰਵਾਹ ਨਹੀਂ ਕਰਦਾ ।

**4. ਉੱਤਰ—**

(*i*) ਉਸਦਾ ਕੱਦ ਮਧਰਾ ਹੈ ।

(*ii*) ਜਿਹੜੇ ਬੱਚੇ ਸਮਝਦਾਰ ਹੁੰਦੇ ਹਨ, ਉਹ ਮਾਪਿਆਂ ਦਾ ਕਿਹਾ ਮੰਨਦੇ ਹਨ ।

(*iii*) ਕਿੰਨਾ ਸੁੰਦਰ ਫੁੱਲ ਹੈ !

(*iv*) ਦੁੱਖ ਵਿਚ ਸਬਰ ਤੋਂ ਕੰਮ ਲਵੋ ।

**5. ਉੱਤਰ—**

**(*i*) ਆਪਣੀ ਅਕਲ ਤੇ ਪਰਾਇਆ ਧਨ ਬਹੁਤ ਹੀ ਜਾਪਦਾ ਹੈ**—(ਜਦੋਂ ਕੋਈ ਆਪਣੀ ਅਕਲ ਤੇ ਦੂਜੇ ਦੇ ਧਨ ਦੀ ਵਡਿਆਈ ਕਰੇ, ਤਦ ਇਸ ਨੂੰ ਠੀਕ ਨਾ ਸਮਝਣ ਵਾਲਾ ਇਸ ਅਖਾਣ ਦੀ ਵਰਤੋਂ ਕਰਦਾ ਹੈ ।)—

**ਬਲਵੰਤ**—ਗੁਰਚਰਨ ਸਿਹਾਂ, ਤੂੰ ਤਾਂ ਵਪਾਰੀ ਆਦਮੀ ਹੈਂ ; ਤੇਰੇ ਕੋਲ ਧਨ ਦੀ ਕੀ ਕਮੀ ਹੈ ? ਤੇਰੇ ਕੋਲ ਤਾਂ ਕਾਲੇ ਤੇ ਚਿੱਟੇ ਧਨ ਦੇ ਅੰਬਾਰ ਲੱਗੇ ਹੋਏ ਹਨ ।

**ਗੁਰਚਰਨ**—ਭਈ, ਆਪਣੀ ਅਕਲ ਤੇ ਪਰਾਇਆ ਧਨ ਬਹੁਤਾ ਹੀ ਜਾਪਦਾ ਹੈ । ਤੈਨੂੰ ਇਹ ਨਹੀਂ ਪਤਾ ਕਿ ਮੈਂ ਆਪਣਾ ਵਪਾਰ ਕਿਹੜੇ-ਕਿਹੜੇ ਬੈਂਕ ਤੋਂ ਕਰਜ਼ਾ ਲੈ ਕੇ ਚਲਾ ਰਿਹਾ ਹਾਂ ।

**(*ii*) ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ**—(ਜਦੋਂ ਕੀਮਤੀ ਚੀਜ਼ਾਂ ਵਲ ਬੇਪਰਵਾਹੀ ਵਰਤੀ ਜਾਵੇ, ਪਰ ਨਿਗੂਣੀਆਂ ਚੀਜ਼ਾਂ ਦੀ ਸੰਭਾਲ ਕੀਤੀ ਜਾਵੇ, ਤਾਂ ਇਹ ਅਖਾਣ ਵਰਤੀ ਜਾਂਦੀ ਹੈ ।)—ਸਾਡੇ ਦੇਸ਼ ਦੇ ਲੀਡਰਾਂ ਨੂੰ ਇਹ ਸਮਝ ਨਹੀਂ ਆਉਂਦੀ ਕਿ ਨਵੀਆਂ-ਨਵੀਆਂ ਖੋਜਾਂ ਕਰਨ ਤੇ ਕਾਢਾਂ ਕੱਢਣ ਦੀ ਸਮਰੱਥਾ ਰੱਖਣ ਵਾਲੇ ਵਿਗਿਆਨੀਆਂ ਨੂੰ ਨੌਕਰੀਆਂ ਤੇ ਮਾਣ-ਸਨਮਾਨ ਨਾ ਦੇਣਾ ਅਤੇ ਆਪਣੀ ਕੁਨਬਾਪਰਵਰੀ ਦੀ ਨੀਤੀ ਉੱਤੇ ਚਲਦਿਆਂ ਨਿਕੰਮੇ ਤੇ ਭ੍ਰਿਸ਼ਟ ਵਿਅਕਤੀਆਂ ਨੂੰ ਚੰਗੀਆਂ ਨੌਕਰੀਆਂ ਤੇ ਉੱਚੇ ਅਹੁਦੇ ਦੇਣਾ, 'ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ' ਵਾਲੀ ਗੱਲ ਹੈ ।

**(*iii*) ਇਕ ਚੁੱਪ ਤੇ ਸੌ ਸੁੱਖ**—(ਬਹਿਸ ਜਾਂ ਝਗੜੇ ਵਿਚ ਪੈਣ ਨਾਲੋਂ ਚੁੱਪ ਰਹਿਣ ਦੇ ਫ਼ਾਇਦੇ ਦੱਸਣ ਲਈ ਇਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ ।)—ਜਦੋਂ ਨਵੀਂ-ਨਵੀਂ ਵਿਆਹੀ ਮੇਰੀ ਧੀ ਨੇ ਆਪਣੇ ਸਹੁਰੇ-ਘਰ ਦੇ ਪਰਿਵਾਰਿਕ ਜੀਆਂ ਵਿਚ ਹੁੰਦੇ ਹਰ ਰੋਜ਼ ਦੇ ਬੋਲ-ਬੁਲਾਰੇ ਬਾਰੇ ਗੱਲ ਕੀਤੀ, ਤਾਂ ਮੈਂ ਉਸਨੂੰ ਕਿਹਾ ਕਿ ਉਹ ਉਨ੍ਹਾਂ ਦੀ ਕਿਸੇ ਗੱਲ ਵਿਚ ਦਖ਼ਲ ਨਾ ਦੇਵੇ । ਉਸਦੀ ਗੱਲ ਕਿਸੇ ਨੂੰ ਚੰਗੀ ਲੱਗੇਗੀ ਤੇ ਕਿਸੇ ਨੂੰ ਨਹੀਂ । ਇਸ ਕਰਕੇ ਕਿਸੇ ਬਹਿਸ ਜਾਂ ਝਗੜੇ ਵਿਚ ਪੈਣ ਨਾਲੋਂ ਚੁੱਪ ਹੀ ਭਲੀ ਹੈ । ਸਿਆਣੇ ਕਹਿੰਦੇ ਹਨ, 'ਇਕ ਚੁੱਪ ਤੇ ਸੌ ਸੁਖ' ।

**(*iv*) ਇਕ ਅਨਾਰ ਤੇ ਸੌ ਬਿਮਾਰ**—(ਜਦੋਂ ਚੀਜ਼ ਥੋੜ੍ਹੀ ਹੋਵੇ, ਪਰ ਲੋੜਵੰਦ ਬਹੁਤੇ ਹੋਣ, ਤਾਂ ਇਸ ਅਖਾਣ ਦੀ ਵਰਤੋਂ ਕੀਤੀ ਜਾਂਦੀ ਹੈ ।)—ਨਗਰ ਨਿਗਮ ਵੀ ਕਿਸ ਕਿਸ ਨੂੰ ਨੌਕਰੀ ਦੇ ਦੇਵੇ । ਪਿਛਲੇ ਹਫ਼ਤੇ 15 ਕਲਰਕ ਭਰਤੀ ਕਰਨ ਲਈ ਇਕ ਇਸ਼ਤਿਹਾਰ ਦਿੱਤਾ ਗਿਆ, ਪਰ ਇਸ ਲਈ 10,000 ਅਰਜ਼ੀਆਂ ਆ ਗਈਆਂ ਤੇ ਸਿਫ਼ਾਰਸ਼ਾਂ ਸਾਰੇ ਲਈ ਫਿਰਦੇ ਹਨ । ਇੱਥੇ ਤਾਂ 'ਇਕ ਅਨਾਰ ਤੇ ਸੌ ਬਿਮਾਰ' ਵਾਲੀ ਗੱਲ ਹੈ ।

**(*v*) ਹਿੰਙ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ**—ਜਦੋਂ ਖ਼ਰਚ ਕੁੱਝ ਨਾ ਹੋਵੇ, ਪਰ ਲਾਭ ਬਹੁਤਾ ਹੋਵੇ, ਤਾਂ ਇਹ ਅਖਾਣ ਵਰਤੀ ਜਾਂਦੀ ਹੈ ।)—ਮਾਸਟਰ ਜੀ ਨੇ ਬੱਚਿਆਂ ਨੂੰ ਉਪਦੇਸ਼ ਦਿੰਦਿਆਂ ਕਿਹਾ ਕਿ ਮਿੱਠਾ ਬੋਲਣ ਉੱਤੇ ਖ਼ਰਚ ਕੁੱਝ ਵੀ ਨਹੀਂ ਹੁੰਦਾ, ਪਰ ਇਸ ਨਾਲ ਸਾਨੂੰ ਮਿਲ ਬਹੁਤ ਕੁੱਝ ਜਾਂਦਾ ਹੈ । ਅਖੇ, 'ਹਿੰਙ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ ।'

HOLY FAITH INTERNATIONAL (P) LTD.

(*vi*) **ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ**—(ਇਕ ਨੂੰ ਚੀਜ਼ ਦੇਣ ਲੱਗੋ, ਤਾਂ ਸਾਰਿਆਂ ਦਾ ਮੰਗਣ ਲੱਗ ਪੈਣਾ ।)—ਜਦੋਂ ਮੈਂ ਰੋਟੀ ਲੈ ਕੇ ਖਾਣ ਬੈਠੀ, ਤਾਂ ਸਾਰੇ ਬੱਚੇ ਮੇਰੇ ਦੁਆਲ਼ੇ ਆ ਕੇ ਰੌਲਾ ਪਾਉਣ ਲੱਗੇ ਕਿ ਉਨ੍ਹਾਂ ਨੂੰ ਵੀ ਰੋਟੀ ਦਿਓ, ਕਿਉਂਕਿ ਉਹ ਭੁੱਖੇ ਹਨ । ਅਖੇ, 'ਘੜੇ ਨੂੰ ਹੱਥ ਲਾਇਆ, ਸਾਰਾ ਟੱਬਰ ਤਿਹਾਇਆ ।'

**6. ਉੱਤਰ—**

**ਲੱਗੇ ਹੋਏ ਕਾਠੀ ............. ਚੁੰਮ ਚੁੰਮ ਰੱਖੋ ।**

**ਪ੍ਰਸੰਗ**—ਇਹ ਕਾਵਿ-ਟੋਟਾ 'ਲਾਜ਼ਮੀ ਪੰਜਾਬੀ-12' ਪਾਠ-ਪੁਸਤਕ ਵਿਚ ਦਰਜ ਨੰਦ ਲਾਲ ਨੂਰਪੁਰੀ ਦੇ ਲਿਖੇ ਹੋਏ ਗੀਤ 'ਚੁੰਮ-ਚੁੰਮ ਰੱਖੋ' ਵਿਚੋਂ ਲਿਆ ਗਿਆ ਹੈ । ਇਸ ਗੀਤ ਵਿਚ ਮਾਤਾ ਜੀਤੋ ਜੀ ਜੰਗ ਵਿਚ ਗਏ ਆਪਣੇ ਦੋ ਵੱਡੇ ਸਪੁੱਤਰਾਂ—ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਉਡੀਕ ਕਰਦੀ ਹੈ ਪਰ ਉਸ ਨੂੰ ਉਨ੍ਹਾਂ ਦੀ ਲਹੂ-ਲਿਬੜੀ ਤੇ ਭੁੱਬਾਂ ਮਾਰਦੀ ਘੋੜੀ ਤੋਂ ਪਤਾ ਲਗਦਾ ਹੈ ਉਹ ਜੰਗ ਵਿਚ ਸ਼ਹੀਦ ਹੋ ਗਏ ਹਨ । ਇਨ੍ਹਾਂ ਸਤਰਾਂ ਵਿਚ ਇਸੇ ਦੁਖਾਂਤਕ ਝਾਕੀ ਦਾ ਵਰਣਨ ਹੈ ।

**ਵਿਆਖਿਆ**—ਘੋੜੀ ਦੀ ਕੋਠੀ ਉੱਪਰ ਲੱਗਾ ਲਹੂ ਇਹ ਕਹਿੰਦਾ ਪ੍ਰਤੀਤ ਹੋਇਆ ਕਿ ਹੇ ਮਾਤਾ, ਅੱਜ ਤੇਰੇ ਸਪੁੱਤਰਾਂ ਦਾ ਜੋੜਾ ਆਪਣੇ ਦਾਦੇ ਗੁਰੂ ਤੇਗ਼ ਬਹਾਦਰ ਜੀ ਵਾਂਗ ਸ਼ਹੀਦੀ ਪ੍ਰਾਪਤ ਕਰ ਕੇ ਉਨ੍ਹਾਂ ਦੇ ਕੋਲ ਹੀ ਚਲਾ ਗਿਆ ਹੈ ; ਇਸ ਕਰਕੇ ਤੈਨੂੰ ਹੁਣ ਆਪਣੇ ਹੰਸ-ਸਪੁੱਤਰਾਂ ਦੀ ਡਾਰ ਦੀ ਉਡੀਕ ਛੱਡ ਦੇਣੀ ਚਾਹੀਦੀ ਹੈ । ਮਾਤਾ ਜੀਤੋ ਜੀ ਹੁਣ ਆਪਣੇ ਵਿਛੜੇ ਜੁਝਾਰ ਦੀ ਕਲਗੀ ਨੂੰ ਚੁੰਮ-ਚੁੰਮ ਕੇ ਰੱਖ ਰਹੀ ਸੀ ।

***ਜਾਂ***

**ਇਕ ਦਿਨ ਮਾਂ ............... ਕਦ ਆਵੇਗਾ ।**

**ਪ੍ਰਸੰਗ**—ਇਹ ਕਾਵਿ-ਟੁਕੜੀ 'ਲਾਜ਼ਮੀ ਪੰਜਾਬੀ—12' ਪੁਸਤਕ ਵਿਚ ਦਰਜ ਡਾ: ਹਰਿਭਜਨ ਸਿੰਘ ਦੀ ਲਿਖੀ ਹੋਈ ਕਵਿਤਾ 'ਮੇਰਾ ਬਚਪਨ' ਵਿਚੋਂ ਲਈ ਗਈ ਹੈ । ਇਸ ਕਵਿਤਾ ਵਿਚ ਕਵੀ ਨੇ ਇਕ ਅਜਿਹੇ ਬੱਚੇ ਦੀ ਮਨੋਦਸ਼ਾ ਨੂੰ ਬਿਆਨ ਕੀਤਾ ਹੈ, ਜਿਸ ਦਾ ਪਿਤਾ ਬਚਪਨ ਵਿਚ ਹੀ ਮਰ ਗਿਆ ਸੀ ਅਤੇ ਉਹ ਸਧਾਰਨ ਬੱਚਿਆਂ ਵਾਂਗ ਆਪਣਾ ਬਚਪਨ ਨਹੀਂ ਭੋਗ ਸਕਿਆ । ਉਸ ਦੀ ਮਾਂ ਉਸ ਨੂੰ ਮਿਹਨਤ-ਮਜ਼ਦੂਰੀ ਕਰ ਕੇ ਪਾਲਦੀ ਸੀ ਤੇ ਆਪਣੇ ਬੱਚੇ ਦੀ ਸੰਭਾਲ ਕਰਦੀ ਸੀ । ਲੋਕ ਉਸ ਨੂੰ ਮੈਲੀ ਨਜ਼ਰ ਨਾਲ ਦੇਖਦੇ ਸਨ । ਇਸ ਤਰ੍ਹਾਂ ਉਹ ਸਮੇਂ ਤੋਂ ਪਹਿਲਾਂ ਹੀ ਕਾਫ਼ੀ ਸਮਝਦਾਰ ਹੋ ਗਿਆ ਸੀ । ਵਡੇਰੀ ਉਮਰ ਦਾ ਹੋਣ 'ਤੇ ਉਸ ਨੂੰ ਦੁੱਖ ਹੈ ਕਿ ਉਸ ਦੀ ਮਾਸੂਮੀਅਤ ਉਸ ਪਾਸੋਂ ਗੁਆਚ ਗਈ ਹੈ । ਪਿਤਾਹੀਨ ਹੋਣ ਕਾਰਨ ਬਚਪਨ ਦੀ ਮਾਸੂਮੀਅਤ ਤੋਂ ਵਾਂਝਿਆਂ ਰਹਿ ਜਾਣ ਦਾ ਝੋਰਾ ਹੀ ਇਸ ਕਵਿਤਾ ਦਾ ਮੂਲ ਪ੍ਰੇਰਨਾ ਸਰੋਤ ਹੈ ।

**ਵਿਆਖਿਆ**—ਬਚਪਨ ਤੋਂ ਪਿਤਾਹੀਨ ਹੋ ਚੁੱਕਾ ਬੱਚਾ ਵਡੇਰੀ ਉਮਰ ਵਿਚ ਪਹੁੰਚ ਕੇ ਆਪਣੇ ਬੀਤੇ ਜੀਵਨ ਨੂੰ ਯਾਦ ਕਰਦਾ ਦੱਸਦਾ ਹੈ ਕਿ ਇਕ ਦਿਨ ਮੇਰੀ ਮਾਂ ਨੇ ਮੈਨੂੰ ਇਹ ਸਾਰੀ ਘਟਨਾ ਸੁਣਾਈ ਕਿ ਕਿਸ ਪ੍ਰਕਾਰ ਉਸ ਨੇ ਆਪਣੇ ਹੱਥਾਂ ਨਾਲ ਮੇਰੇ ਪਿਤਾ ਜੀ ਦੀ ਚਿਤਾ ਨੂੰ ਜਲਾਇਆ ਸੀ । ਇਹ ਕਹਿੰਦਿਆਂ ਹੀ ਉਹ ਕੁਰਲਾ ਉੱਠੀ ਸੀ ਕਿ ਉਸ ਨੇ ਕੇਵਲ ਉਸ ਦੇ ਪਿਤਾ ਦੀ ਚਿਤਾ ਨੂੰ ਹੀ ਨਹੀਂ ਸੀ ਜਲਾਇਆ, ਸਗੋਂ ਉਸ ਨੇ ਆਪਣੇ ਬੱਚੇ ਦਾ ਬਚਪਨ ਵੀ ਉਸ ਦੇ ਨਾਲ ਹੀ ਜਲਾ ਦਿੱਤਾ ਸੀ । ਕਵੀ ਆਖਦਾ ਹੈ ਕਿ ਮੇਰੇ ਪਿਤਾ ਦੀ ਚਿਤਾ ਨਾਲ ਮੇਰਾ ਬਚਪਨ ਜਲਾਇਆ ਗਿਆ ਹੋਣ ਕਰਕੇ ਮੇਰਾ ਬਚਪਨ ਉਦੋਂ ਨਹੀਂ ਸੀ ਆਇਆ, ਜਦੋਂ ਮੈਂ ਛੋਟੀ ਉਮਰ ਦਾ ਸਾਂ, ਤਾਂ ਮੈਂ ਸੁਆਲ ਕਰਦਾ ਹਾਂ ਕਿ ਮੇਰਾ ਬਚਪਨ ਉਮਰ ਦੇ ਕਿਸ ਹਿੱਸੇ ਵਿਚ ਆਵੇਗਾ, ਭਾਵ ਮੇਰਾ ਬਚਪਨ ਕਦੇ ਨਹੀਂ ਆਵੇਗਾ ।

**7. ਉੱਤਰ—**

(*i*) (ਸ) ਕਸ਼ਮੀਰ ਦੀ ਸੁੰਦਰਤਾ ਦਾ, (*ii*) (ਅ) ਪ੍ਰੋ: ਮੋਹਨ ਸਿੰਘ, (*iii*) (ਅ) ਸਾਹਿਬਜ਼ਾਦਾ ਜੁਝਾਰ ਸਿੰਘ, (*iv*) (ੲ) 1947.

**8. ਉੱਤਰ—**

'ਨੀਲੀ' ਕਹਾਣੀ ਦਾ ਮੁੱਖ ਵਿਸ਼ਾ ਪਸ਼ੂ ਦਾ ਆਪਣੇ ਬੱਚੇ ਲਈ ਪਿਆਰ ਤੇ ਮੋਹ ਹੈ । ਕਹਾਣੀ ਵਿਚ ਨੀਲੀ ਦਾ ਆਪਣੀ ਵੱਛੀ ਦੇ ਬੁੱਲ੍ਹਾਂ ਦੀ ਛੋਹ ਨਾਲ ਹੀ ਦੁੱਧ ਲਾਹ ਦੇਣਾ ਪਰ ਉਸਦੇ ਮਰ ਜਾਣ ਪਿੱਛੋਂ ਉਸਦਾ ਕੁੱਝ ਦਿਨ ਕੁਝ ਵੀ ਨਾ ਖਾਣਾ ਤੇ ਨਾ ਦੁੱਧ ਦੇਣਾ ਉਸਦੇ ਆਪਣੇ ਬੱਚੇ ਨਾਲ ਮੋਹ ਨੂੰ ਪ੍ਰਗਟ ਕਰਦਾ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਪਸ਼ੂਆਂ ਵਿਚ ਵੀ ਮਮਤਾ ਹੁੰਦੀ ਹੈ । ਉਹ ਵੀ ਮਨੁੱਖਾਂ ਵਾਂਗ ਆਪਣੇ ਬੱਚਿਆਂ ਨਾਲ ਮੋਹ ਤੇ ਪਿਆਰ ਰੱਖਦੇ ਹਨ ਤੇ ਜੇਕਰ ਕਿਸੇ ਕਾਰਨ ਬੱਚੇ ਦੀ ਮੌਤ ਹੋ ਜਾਵੇ, ਤਾਂ ਉਹ ਵੀ ਦੁਖੀ ਤੇ ਉਦਾਸ ਹੁੰਦੇ ਹਨ । ਉਨ੍ਹਾਂ ਦੀ ਭੁੱਖ ਮਾਰੀ ਜਾਂਦੀ ਹੈ ਤੇ ਜੇਕਰ ਉਹ ਲਵੇਰੇ ਹੋਣ, ਤਾਂ ਉਨ੍ਹਾਂ ਦੇ ਦੁੱਧ ਉਤਰਨ ਦੇ ਕਾਰਜ ਵਿਚ ਰੁਕਾਵਟ ਪੈ ਜਾਂਦੀ ਹੈ । ਪਰੰਤੂ ਜਦੋਂ ਹੌਲੀ-ਹੌਲੀ ਇਸ ਦੁੱਖ ਦਾ ਅਸਰ ਘਟਦਾ ਹੈ, ਤਾਂ ਉਨ੍ਹਾਂ ਦੀ ਭੁੱਖ ਵੀ ਪਰਤਣ ਲਗਦੀ ਹੈ ਤੇ ਹੋਰ ਕਾਰਜ ਵੀ ਆਮ ਵਰਗੇ ਹੋ ਜਾਂਦੇ ਹਨ । ਇਸ ਦੇ ਨਾਲ ਹੀ ਇਸ ਕਹਾਣੀ ਵਿਚ ਪਸ਼ੂਆਂ ਦੀ ਸਮਝਦਾਰੀ ਤੇ ਸੰਵੇਦਨਸ਼ੀਲਤਾ ਦੀ ਝਲਕ ਵੀ ਪੇਸ਼ ਕੀਤੀ ਗਈ ਹੈ ।

***ਜਾਂ***

ਜੀਤੋ ਦਾ ਵੀਰ ਉਸ ਤੋਂ ਅੱਠ-ਦਸ ਸਾਲ ਵੱਡਾ ਸੀ । ਉਹ ਆਪਣੇ ਵਿਆਹ ਲਈ ਇਸ ਕਰਕੇ ਨਹੀਂ ਸੀ ਮੰਨਦਾ ਕਿਉਂਕਿ ਉਹ ਇਹ ਸੋਚ ਕੇ ਡਰ ਜਾਂਦਾ ਸੀ ਕਿ ਉਹ ਉਸ ਕੁੜੀ ਨੂੰ ਕਿਸ ਤਰ੍ਹਾਂ ਅਪਣਾ ਸਕਦਾ ਹੈ, ਜਿਸ ਨੂੰ ਉਹ ਨੇੜਿਓਂ ਨਹੀਂ ਜਾਣਦਾ ।

ਉਹ ਇਕ ਜ਼ਿੰਮੇਵਾਰ ਨੌਜਵਾਨ ਸੀ, ਜੋ ਕਿ ਆਪਣੀ ਭੈਣ ਦੇ ਵਿਆਹ ਦੀ ਤਿਆਰੀ ਦਾ ਸਾਰਾ ਕੰਮ ਕਰਦਾ ਹੈ । ਉਂਞ ਉਹ ਜ਼ਿਦੀ ਵੀ ਸੀ । ਉਸ ਦੇ ਮੂੰਹੋਂ ਜਦੋਂ ਇਕ ਵਾਰੀ ਨਾਂਹ ਨਿਕਲ ਜਾਵੇ, ਤਾਂ ਉਹ ਕਦੀ ਹਾਂ ਨਹੀਂ ਸੀ ਕਰਦਾ ।

ਉਹ ਸੰਵੇਦਨਸ਼ੀਲ ਵੀ ਸੀ । ਜਦੋਂ ਗਵੱਈਆ ਸਹੁਰੇ-ਘਰ ਜਾ ਰਹੀ ਜੀਤੋ ਲਈ ਪੈਦਾ ਹੋਣ ਵਾਲੇ ਮਾਪਿਆਂ ਤੋਂ ਵਿਛੋੜੇ ਦਾ ਦੁੱਖ ਬਿਆਨ ਕਰਦਾ ਹੈ, ਤਾਂ ਉਸ ਦਾ ਮਨ ਇੰਨਾ ਉਦਾਸ ਹੋ ਜਾਂਦਾ ਹੈ ਕਿ ਉਹ ਉਸ ਦਾ ਗਾਣਾ ਬੰਦ ਕਰਾ ਦਿੰਦਾ ਹੈ ।

ਉਸ ਦਾ ਆਪਣੀ ਭੈਣ ਜੀਤੋ ਨਾਲ ਬਹੁਤ ਪਿਆਰ ਸੀ । ਅੰਤ ਵਿਚ ਉਸ ਦਾ ਉਸ ਨਾਲ ਇਸੇ ਪਿਆਰ ਤੇ ਆਪਣਾ ਘਰ ਛੱਡ ਕੇ ਕਿਸੇ ਅਣਜਾਣ ਬੰਦੇ ਨਾਲ ਰਹਿਣ ਲਈ ਸਹੁਰੀਂ ਜਾ ਰਹੀ ਭੈਣ ਦੇ ਮਾਨਸਿਕ ਦੁੱਖ ਦਾ ਅਨੁਭਵ ਹੀ ਉਸ ਨੂੰ ਉਸ ਦੇ ਨਾਲ ਉਸ ਦੇ ਸਹੁਰੇ-ਘਰ ਜਾਣ ਲਈ ਤਿਆਰ ਕਰ ਦਿੰਦਾ ਹੈ ।

**9. ਉੱਤਰ—**

(*i*) (ਸ) ਪ੍ਰੋ: ਐੱਮ.ਐੱਲ. ਮਲ੍ਹੋਤਰਾ, (*ii*) (ਅ) ਵੱਛੀ ਦੇ, (*iii*) (ੲ) ਪਤਨੀ, (*iv*) (ੳ) ਗੁਲਜ਼ਾਰ ਸਿੰਘ ਸੰਧੂ, (*v*) (ਅ) ਨੀਲੀ ।

**10. ਉੱਤਰ—**

(*i*) ਪ੍ਰੋਫ਼ੈਸਰ ਦੇ ਮਨ ਵਿਚ ਖ਼ਿਆਲ ਆਇਆ ਕਿ ਉਹ ਸਾਈਕਲ ਜ਼ਰਾ ਤੇਜ਼ ਕਰ ਕੇ ਉਸ ਤੋਂ ਅੱਗੇ ਲੰਘ ਕੇ ਦੱਸ ਦਏ ਕਿ ਭਾਵੇਂ ਉਸਦੇ ਸਿਰ ਦੇ ਵਾਲ ਚਿੱਟੇ ਹੋ ਗਏ ਹਨ, ਪਰ ਉਹ ਅਜੇ ਵੀ ਜਵਾਨਾਂ ਤੋਂ ਮਾਰ ਨਹੀਂ ਖਾਂਦਾ ਪਰ ਫਿਰ ਉਸਨੇ ਇਹ ਖ਼ਿਆਲ ਛੱਡ ਦਿੱਤਾ ।

(*ii*) ਗੁਆਲਾ ਨੀਲੀ ਦੇ ਵੱਛੀ ਮਰਨ ਦੇ ਦੁੱਖ ਨੂੰ ਨਹੀਂ ਸੀ ਸਮਝਦਾ । ਇਸ ਤਰ੍ਹਾਂ ਉਹ ਮਾਂ ਅਤੇ ਬੱਚੇ ਦੇ ਸੰਬੰਧਾਂ ਤੋਂ ਅਨਜਾਣ ਸੀ । ਜਿਸ ਮਾਂ ਦੇ ਬੱਚੇ ਨੂੰ ਮਰਿਆਂ ਤਿੰਨ ਦਿਨ ਹੋਏ ਹੋਣ, ਉਸਦਾ ਵਿਹਾਰ ਇੰਨੀ ਛੇਤੀ ਆਮ ਵਰਗਾ ਕਿਵੇਂ ਹੋ ਸਕਦਾ ਸੀ ।

(*iii*) ਰਿਕਸ਼ੇ ਵਾਲਾ ਇਸ ਕਰਕੇ 'ਮਾੜਾ ਬੰਦਾ' ਹੈ ਕਿਉਂਕਿ ਉਹ ਤੈਅ ਕੀਤੇ ਪੈਸਿਆਂ ਤੋਂ ਵੱਧ ਪੈਸੇ ਮੰਗਣ ਲਈ ਨਿਮਰਤਾ ਜਾਂ ਮਿੰਨਤ ਦੀ ਥਾਂ ਕ੍ਰੋਧ ਅਤੇ ਜ਼ਿੱਦ ਤੋਂ ਕੰਮ ਲੈਂਦਾ ਹੈ, ਪਰ ਉਹ ਇਸ ਕਰਕੇ 'ਮਾੜਾ ਬੰਦਾ' ਵੀ ਨਹੀਂ ਕਿਉਂਕਿ ਉਹ ਆਪਣੇ ਹੱਕ ਲਈ ਰੋਹ ਤੇ ਰੰਜ ਦਾ ਦਿਖਾਵਾ ਕਰਦਾ ਹੈ ਤੇ ਆਪਣੇ ਸ੍ਵੈ-ਮਾਣ ਨੂੰ ਕਾਇਮ ਰੱਖਦਿਆਂ ਕਹਾਣੀਕਾਰ ਦੇ ਘਰ ਵਲ ਵੇਖਦਾ ਵੀ ਨਹੀਂ ।

(*iv*) ਸਹੁਰੇ-ਘਰ ਵਿਦਾ ਹੋ ਰਹੀ ਭੈਣ ਜੀਤੋ ਦਾ ਰੋ-ਰੋ ਕੇ ਬੁਰਾ ਹਾਲ ਹੋਇਆ ਦੇਖ ਕੇ ਉਸਨੂੰ ਯਾਦ ਆਇਆ ਕਿ ਕਿਸੇ ਅਨਜਾਣ ਕੁੜੀ ਨਾਲ ਰਹਿਣ ਦੀ ਮੁਸ਼ਕਿਲ ਨੂੰ ਸੋਚ ਕੇ ਉਹ ਆਪ ਵਿਆਹ ਤੋਂ ਡਰਦਾ ਰਿਹਾ ਹੈ, ਹੁਣ ਜਦੋਂ ਉਸਦੀ ਭੈਣ ਅਨਜਾਣ ਬੰਦੇ ਕੋਲ ਜਾ ਰਹੀ ਹੈ, ਤਾਂ ਉਸਦਾ ਡਰ ਘਟਾਉਣ ਲਈ ਉਸਦਾ ਉਸਦੇ ਨਾਲ ਜਾਣਾ ਜ਼ਰੂਰੀ ਹੈ । ਇਸ ਕਰਕੇ ਉਹ ਉਸਦੇ ਨਾਲ ਜਾਣ ਲਈ ਤਿਆਰ ਹੋ ਗਿਆ ।

(*v*) ਕਹਾਣੀ ਦੇ ਅੰਤ ਵਿਚ ਨੀਲੀ ਗੁਆਲੇ ਨੂੰ ਇਹ ਵਿਸ਼ਵਾਸ ਦੁਆਉਂਦੀ ਜਾਪਦੀ ਹੈ ਕਿ ਉਹ ਕੁੱਝ ਦਿਨਾਂ ਤਕ ਆਪਣੀ ਵੱਛੀ ਦੇ ਮਰਨ ਦਾ ਦੁੱਖ ਭੁੱਲ ਜਾਵੇਗੀ ਤੇ ਫਿਰ ਉਹ ਆਮ ਵਾਂਗ ਹੀ ਉਸਦੀ ਇੱਛਾ ਅਨੁਸਾਰ ਦੁੱਧ ਦੇਣ ਲੱਗ ਪਵੇਗੀ ।

**11. ਉੱਤਰ—**

(*i*) (ੲ) ਪੰਜਾਬ ਦੇ ਲੋਕ-ਨਾਚ, (*ii*) (ਅ) ਸਾਵਣ ਵਿਚ, (*iii*) (ਅ) ਹਿੰਦੂ, (*iv*) (ੳ) ਸ਼ੱਕਰ-ਭਿੱਜੀ, (*v*) (ਸ) ਬਸੰਤ ।

**12. ਉੱਤਰ—**

(ੳ) ਪੰਜਾਬੀ ਜੀਵਨ ਵਿਚ ਮੇਲਿਆਂ ਤੇ ਤਿਉਹਾਰਾਂ ਦਾ ਕਾਫ਼ਲਾ ਸਾਲ ਦੇ ਆਰੰਭ ਤੋਂ ਲੈ ਕੇ ਸਾਲ ਦੇ ਅੰਤ ਤਕ ਚਲਦਾ ਹੈ । ਕੋਈ ਮਹੀਨਾ ਅਜਿਹਾ ਨਹੀਂ, ਜਿਸ ਵਿਚ ਦੋ-ਤਿੰਨ ਮੇਲੇ ਜਾਂ ਤਿਉਹਾਰ ਨਾ ਆਉਂਦੇ ਹੋਣ । ਮੇਲੇ ਵਿਚ ਤਾਂ ਪੰਜਾਬੀ ਸਚਮੁੱਚ ਲਾੜਾ ਬਣਿਆ ਫਿਰਦਾ ਹੈ । ਜਿੱਥੇ ਦੋ ਚਾਰ ਪੰਜਾਬੀ ਇਕੱਠੇ ਹੋ ਜਾਣ ਉੱਥੇ ਤੁਰਦਾ-ਫਿਰਦਾ ਮੇਲਾ ਬਣ ਜਾਂਦਾ ਹੈ । ਇਸੇ ਕਰਕੇ ਕਹਿੰਦੇ ਹਨ ਕਿ ਮੇਲਾ ਬੀਜ ਰੂਪ ਵਿਚ ਹੀ ਪੰਜਾਬੀ ਜੀਵਨ ਵਿਚ ਸਮਾਇਆ ਹੋਇਆ ਹੈ ।

(ਅ) ਲੋਕ-ਖੇਡਾਂ ਨਾਲ ਬੱਚਿਆਂ ਵਿਚ ਮਿਲਵਰਤਨ, ਵਿਤਕਰੇ-ਰਹਿਤ ਜੀਵਨ ਜਿਊਣ, ਚੰਗੀ ਖੇਡ ਖੇਡਣ, ਧੋਖਾ ਨਾ ਕਰਨ, ਨਸ਼ਿਆਂ ਤੋਂ ਦੂਰ ਰਹਿਣ, ਭਾਈਚਾਰਕ ਸਾਂਝ ਤੇ ਪ੍ਰੇਮ-ਪਿਆਰ ਦੇ ਨੈਤਿਕ ਗੁਣ ਪ੍ਰਵੇਸ਼ ਕਰਦੇ ਹਨ । ਕਬੱਡੀ, ਰੱਸਾਕਸ਼ੀ, ਕੁਸ਼ਤੀ, ਬੋਰੀ ਚੁੱਕਣਾ ਆਦਿ ਅਜਿਹੀਆਂ ਖੇਡਾਂ ਹਨ, ਜੋ ਮਨੁੱਖ ਵਿਚ ਅਜਿਹੇ ਗੁਣ ਵਿਕਸਿਤ ਕਰਦੀਆਂ ਹਨ ।

(ੲ) ਗਿੱਧਾ ਇਕ ਤਾਲੀ ਨਾਚ ਹੈ । ਨੱਚਣ ਵਾਲੀਆਂ ਤੇ ਘੇਰੇ ਵਿਚ ਖੜ੍ਹੀਆਂ ਇਸਤਰੀਆਂ ਤਾਲੀ ਮਾਰਦੀਆਂ ਹਨ ਤੇ ਉਸ ਦਾ ਵਹਾਓ ਲੋਕ-ਗੀਤਾਂ ਦੇ ਮੁੱਖ ਰੂਪਾਂ, ਬੋਲੀਆਂ ਤੇ ਟੱਪਿਆਂ ਨਾਲ ਚਲਦਾ ਹੈ । ਇਨ੍ਹਾਂ ਟੱਪਿਆਂ ਵਿਚ ਉਚਾਰੇ ਗਏ ਭਾਵਾਂ ਨੂੰ ਨਾਚ-ਮੁਦਰਾਵਾਂ ਦੁਆਰਾ ਪੇਸ਼ ਕੀਤਾ ਜਾਂਦਾ ਹੈ ਅਤੇ ਬੋਲੀ ਵਿਚ ਇਕਸੁਰਤਾ ਕਾਇਮ ਰੱਖਣ ਲਈ 'ਬੱਲੇ-ਬੱਲੇ ਬਈ', 'ਸ਼ਾਵਾ-ਸ਼ਾਵਾ' ਆਦਿ ਸ਼ਬਦਾਂ ਨੂੰ ਲਮਕਾਵੀਂ ਸੁਰ ਨਾਲ ਜੋੜ ਲਿਆ ਜਾਂਦਾ ਹੈ ।

HOLY FAITH INTERNATIONAL (P) LTD.

## ਨਿਊ ਸਟਾਈਲ ਮਾਡਲ ਟੈੱਸਟ ਪੇਪਰ—5

**1. ਉੱਤਰ—**

***(i)*** (ੲ) ਤੜਕਸਾਰ ।
***(ii)*** (ਅ) ਵਰਜਿਸ਼ ਵਿਚ ।
***(iii)*** (ੲ) ਕਸਰਤ ਉੱਤੇ ।
***(iv)*** (ੲ) ਛੇ ਵਜੇ ।
***(v)*** (ੲ) ਸਵੇਰੇ ਦੇਰ ਨਾਲ ਉੱਠਣਾ ।
***(vi)*** (ਅ) ਬਰਾਂਡੇ ਵਿਚ ।
***(vii)*** (ਸ) ਬੀਕਾਨੇਰ ਵਿਚ ।
***(viii)*** (ੲ) ਲਾਲਾ ਜੀ ਤੇ ਸੈਰ ।

**2. ਉੱਤਰ—**

ਸ਼ਾਮ ਚੁਰਾਸੀ,
ਜ਼ਿਲ੍ਹਾ ਹੁਸ਼ਿਆਰਪੁਰ ।

ਹਵਾਲਾ ਨੰ: 706, ਮਿਤੀ 10 ਮਾਰਚ, 20....

ਮੈਨੇਜਰ ਸਾਹਿਬ,
ਵੇਰਕਾ ਮਿਲਕ ਪਲਾਂਟ,
ਹੁਸ਼ਿਆਰਪੁਰ ।

**ਵਿਸ਼ਾ**—ਵੇਰਕਾ ਦੇ ਉਤਪਾਦ ਵੇਚਣ ਦੇ ਕਾਰੋਬਾਰ ਸੰਬੰਧੀ ।

ਸ੍ਰੀਮਾਨ ਜੀ,
ਬੇਨਤੀ ਹੈ ਕਿ ਮੈਂ ਬੀ. ਕਾਮ. ਪਾਸ ਹਾਂ । ਮੈਂ ਸਰਕਾਰੀ ਜਾਂ ਗ਼ੈਰ-ਸਰਕਾਰੀ ਨੌਕਰੀ ਕਰਨ ਦੀ ਥਾਂ ਆਪਣਾ ਕਾਰੋਬਾਰ ਆਪ ਕਰਨਾ ਚਾਹੁੰਦਾ ਹਾਂ ਤੇ ਇਸ ਲਈ ਮੈਂ ਵੇਰਕਾ ਮਿਲਕ ਪਲਾਂਟ ਦੇ ਉਤਪਾਦਾਂ ਨੂੰ ਵੇਚਣ ਦਾ ਕਾਰੋਬਾਰ ਕਰਨਾ ਚਾਹੁੰਦਾ ਹਾਂ, ਤਾਂ ਜੋ ਲੋਕਾਂ ਨੂੰ ਆਲੇ-ਦੁਆਲੇ ਖੁੱਲ੍ਹੇ ਰੂਪ ਵਿਚ ਵਿਕਦੇ ਦੁੱਧ ਤੇ ਦੁੱਧ ਉਤਪਾਦਾਂ, ਜੋ ਕਿ ਗੁਣਵੱਤਾ ਰਹਿਤ, ਮਿਲਾਵਟ ਤੇ ਜ਼ਹਿਰਾਂ ਭਰੇ ਹੁੰਦੇ ਹਨ, ਤੋਂ

ਬਚਾਇਆ ਜਾ ਸਕੇ । ਇਸ ਸੰਬੰਧੀ ਮੈਂ ਇਹ ਉਤਪਾਦ ਆਪਣੇ ਸਾਧਨਾਂ ਨਾਲ ਘਰ ਬੈਠੇ ਲੋਕਾਂ ਤਕ ਪੁਚਾਉਣ ਦਾ ਵਿਚਾਰ ਰੱਖਦਾ ਹਾਂ ।

ਕਿਰਪਾ ਕਰਕੇ ਮੈਨੂੰ ਇਹ ਜਾਣਕਾਰੀ ਦਿੱਤੀ ਜਾਵੇ ਕਿ ਇਹ ਕਾਰੋਬਾਰ ਕਰਨ ਲਈ ਮਿਲਕਫੈਡ ਦੀਆਂ ਕੀ-ਕੀ ਸ਼ਰਤਾਂ ਹਨ । ਇਹ ਵੀ ਦੱਸਿਆ ਜਾਵੇ ਕਿ ਵੱਖ-ਵੱਖ ਉਤਪਾਦ-ਦੁੱਧ, ਦਹੀਂ, ਪਨੀਰ, ਮੱਖਣ, ਲੱਸੀ, ਖ਼ੀਰ, ਘਿਓ, ਦੁੱਧ-ਪਾਊਡਰ ਤੇ ਆਈਸ-ਕ੍ਰੀਮ ਕਿਹੜੀ-ਕਿਹੜੀ ਪੈਕਿੰਗ ਤੇ ਕੀਮਤਾਂ ਵਿਚ ਪ੍ਰਾਪਤ ਹੋਣਗੇ ਤੇ ਉਨ੍ਹਾਂ ਨੂੰ ਮੇਰੇ ਸਟੋਰ ਤਕ ਪੁਚਾਉਣ ਲਈ ਆਪਦਾ ਕੀ ਪ੍ਰਬੰਧ ਹੋਵੇਗਾ । ਇਸ ਵਿਚੋਂ ਮੈਨੂੰ ਕਿੰਨੇ ਪ੍ਰਤੀਸ਼ਤ ਬੱਚਤ ਪ੍ਰਾਪਤ ਹੋਵੇਗੀ ਤੇ ਖ਼ਰਾਬ ਮਾਲ ਸੰਬੰਧੀ ਆਪ ਦੀ ਕੀ ਪਾਲਿਸੀ ਹੋਵੇਗੀ ।

ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,
ਚਰਨਜੀਤ ਸਿੰਘ ।
ਮੋਬਾਈਲ ..............

***ਜਾਂ***

210, ਸਬਜ਼ੀ ਮੰਡੀ,
ਹੁਸ਼ਿਆਰਪੁਰ ।
ਮੈਨੇਜਰ ਸਾਹਿਬ,
ਸਟੇਟ ਬੈਂਕ ਆਫ਼ ਇੰਡੀਆ,
ਘੰਟਾ ਘਰ ।
ਹੁਸ਼ਿਆਰਪੁਰ ।

**ਵਿਸ਼ਾ**—ਖ਼ਾਤਾ ਨੰਬਰ 10126061511 ਸੰਬੰਧੀ ਮੋਬਾਇਲ ਨੰ: 91667788110, ਮੋਬਾਇਲ ਬੈਂਕਿੰਗ, ਨੈੱਟ ਬੈਂਕਿੰਗ ਅਤੇ ਐੱਮ.ਐੱਸ.ਐੱਸ. ਅਲਰਟ ਸੇਵਾ ਲੈਣ ਬਾਰੇ ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੇਰੀ ਸਬਜ਼ੀ ਮੰਡੀ, ਹੁਸ਼ਿਆਰਪੁਰ ਵਿਚ ਆੜ੍ਹਤ ਦੀ ਦੁਕਾਨ ਹੈ । ਮੈਨੂੰ ਪੈਸੇ ਦੇ ਲੈਣ-ਦੇਣ ਸੰਬੰਧੀ ਕਾਫ਼ੀ ਤੇਜ਼ੀ ਤੇ ਕਾਹਲੀ ਤੋਂ ਕੰਮ ਲੈਣਾ ਪੈਂਦਾ ਹੈ । ਇਸ ਕਰਕੇ ਆਪ ਮੈਨੂੰ ਮੇਰੇ ਉਪਰੋਕਤ ਖ਼ਾਤਾ ਨੰਬਰ ਸੰਬੰਧੀ ਮੋਬਾਈਲ ਫ਼ੋਨ ਨੰਬਰ ਉੱਤੇ ਮੋਬਾਇਲ ਬੈਂਕਿੰਗ, ਨੈੱਟ-ਬੈਂਕਿੰਗ ਅਤੇ ਐੱਮ.ਐੱਸ.ਐੱਸ. ਅਲਰਟ ਸੇਵਾ ਪ੍ਰਦਾਨ ਕਰ ਦੇਵੋ ਤੇ ਇਸ ਬਾਰੇ ਸੰਬੰਧੀ ਲੋੜੀਂਦੇ ਕੋਡ ਨੰਬਰਾਂ ਸੰਬੰਧੀ ਮੈਨੂੰ ਜਲਦੀ ਤੋਂ ਜਲਦੀ ਜਾਣਕਾਰੀ ਦਿੱਤੀ ਜਾਵੇ ।

ਧੰਨਵਾਦ ਸਹਿਤ ।

ਆਪ ਦਾ ਵਿਸ਼ਵਾਸ-ਪਾਤਰ,
ਗੁਰਬਖ਼ਸ਼ੀਸ ਸਿੰਘ ।
ਮੋਬਾਈਲ ..............

**3. ਉੱਤਰ**—

## ਨਾਨਕ ਦੁਖੀਆ ਸਭ ਸੰਸਾਰ

ਦੁਨੀਆ ਵਿਚ ਹਰ ਇਕ ਮਨੁੱਖ ਨੂੰ ਇਹ ਭੁਲੇਖਾ ਪਿਆ ਹੋਇਆ ਹੈ ਕਿ ਇਸ ਸੰਸਾਰ ਵਿਚ ਖ਼ਬਰੇ ਦੁੱਖ ਕੇਵਲ ਉਸ ਦੇ ਹਿੱਸੇ ਹੀ ਆਏ ਹਨ ਤੇ ਬਾਕੀ ਸਾਰੇ ਸੁਖੀ ਹਨ । ਇਸ ਭੁਲੇਖੇ ਕਾਰਨ ਮਨੁੱਖ ਦੇ ਦੁੱਖ ਉਸਨੂੰ ਵਧੇਰੇ ਪਰੇਸ਼ਾਨ ਕਰਦੇ ਹਨ । ਗੁਰੂ ਨਾਨਕ ਦੇਵ ਜੀ ਨੇ 'ਨਾਨਕ ਦੁਖੀਆ ਸਭ ਸੰਸਾਰ' ਦੇ ਕਥਨ ਨਾਲ ਸਾਡਾ ਇਹ ਭੁਲੇਖਾ ਤੇ ਪਰੇਸ਼ਾਨੀ ਦੂਰ ਕਰਨ ਦਾ ਯਤਨ ਕੀਤਾ ਹੈ । ਸ਼ੇਖ ਫਰੀਦ ਜੀ ਨੇ ਵੀ ਮਨੁੱਖੀ ਹਿਰਦੇ ਦੇ ਇਸ ਭੁਲੇਖੇ ਬਾਰੇ ਅਜਿਹਾ ਭਾਵ ਹੀ ਪ੍ਰਗਟ ਕਰਦਿਆਂ ਕਿਹਾ ਹੈ,

''ਫ਼ਰੀਦਾ ਮੈਂ ਜਾਨਿਆ, ਦੁਖ ਮੁਝ ਕੋ, ਦੁਖ ਸਬਾਇਐ ਜਗੁ ।
ਉਚੈ ਚੜ੍ਹ ਕੇ ਦੇਖਿਆ ਘਰਿ ਘਰਿ ਏਹਾ ਅੱਗ ।''

ਭਾਵ ਇਹ ਹੈ ਕਿ ''ਮੈਂ ਸਮਝਿਆ ਸੀ ਕਿ ਕੇਵਲ ਮੈਂ ਹੀ ਦੁਖੀ ਹਾਂ, ਪਰ ਦੁੱਖ ਸਾਰੇ ਲੋਕਾਂ ਨੂੰ ਹਨ । ਸੋਚ ਵਿਚਾਰ ਕਰਨ ਤੇ ਪਤਾ ਲੱਗਾ ਕਿ ਦੁੱਖਾਂ ਦੀ ਅੱਗ ਹਰ ਇਕ ਘਰ ਨੂੰ ਲੱਗੀ ਹੋਈ ਹੈ ।'' ਕਿਸੇ ਨੂੰ ਕੋਈ ਦੁੱਖ ਹੈ ਤੇ ਕਿਸੇ ਨੂੰ ਕੋਈ । ਅਸੀਂ ਸਮਝਦੇ ਹਾਂ ਕਿ ਰਾਜਿਆਂ, ਮਹਾਰਾਜਿਆਂ, ਅਮੀਰਾਂ, ਵਜ਼ੀਰਾਂ ਅਤੇ ਧਨਾਢਾਂ ਨੂੰ ਕੋਈ ਦੁੱਖ ਨਹੀਂ ਹੁੰਦਾ, ਪਰ ਇੱਥੇ 'ਵੱਡਿਆਂ ਸਿਰਾਂ ਦੀਆਂ ਵੱਡੀਆਂ ਪੀੜਾਂ' ਵਾਲੀ ਗੱਲ ਹੁੰਦੀ ਹੈ । ਰਾਜੇ ਨੂੰ ਆਪਣੀ ਗੱਦੀ ਖੁੱਸਣ ਦਾ, ਵਜ਼ੀਰ ਨੂੰ ਰਾਜੇ ਦੇ ਗੁੱਸੇ ਦਾ ਅਤੇ ਧਨਾਢ ਨੂੰ ਚੋਰਾਂ ਤੇ ਆਮਦਨ ਕਰ ਵਾਲਿਆਂ ਦੇ ਡਰ ਦਾ ਦੁੱਖ ਘੁਣ ਵਾਂਗ ਖਾਂਦਾ ਰਹਿੰਦਾ ਹੈ । ਗੁਰੂ ਸਾਹਿਬ ਦਾ ਵਿਚਾਰ ਵੀ ਇਹੋ ਹੈ ਕਿ ਦੁੱਖ ਤਾਂ ਵੱਡੇ-ਵੱਡੇ ਬਾਦਸ਼ਾਹਾਂ, ਅਵਤਾਰਾਂ, ਪੀਰਾਂ, ਪੈਗ਼ੰਬਰਾਂ ਦੇ ਸਿਰ ਵੀ ਆਏ ਹਨ । ਇਨ੍ਹਾਂ ਤੋਂ ਕੋਈ ਨਹੀਂ ਬਚ ਸਕਦਾ । ਗੁਰੂ ਜੀ ਨੇ ਦੁੱਖਾਂ ਨੂੰ ਮਨੁੱਖੀ ਜੀਵਨ ਲਈ ਦਾਰੂ ਤੇ ਸੁੱਖਾਂ ਨੂੰ ਰੋਗ ਕਰਾਰ ਦਿੱਤਾ ਹੈ । ਦੁੱਖਾਂ ਵਿਚ ਪਿਆ ਮਨੁੱਖ, ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਜਦੋਜਹਿਦ ਕਰਦਾ ਹੋਇਆ, ਜੀਵਨ ਵਿਚ ਨਵੀਆਂ ਮੰਜ਼ਲਾਂ ਪ੍ਰਾਪਤ ਕਰਦਾ ਹੈ । ਫਲਸਰੂਪ ਉਸ ਦੇ ਜੀਵਨ ਵਿਚ ਸੁਖ, ਖੇੜਾ ਤੇ ਆਨੰਦ ਪੈਦਾ ਹੁੰਦੇ ਹਨ, ਇਸ ਕਰਕੇ ਮਨੁੱਖ ਨੂੰ ਕਦੇ ਵੀ ਦੁੱਖਾਂ ਤੋਂ ਘਬਰਾਉਣਾ ਨਹੀਂ ਚਾਹੀਦਾ । ਦੁੱਖ-ਸੁਖ ਜੀਵਨ ਦਾ ਅਟੁੱਟ ਅੰਗ ਹਨ ।

***ਜਾਂ***

## ਇੰਟਰਨੈੱਟ ਦੀ ਵਰਤੋਂ

ਇੰਟਰਨੈੱਟ ਉਸ ਵਿਵਸਥਾ ਦਾ ਨਾਂ ਹੈ, ਜਿਸ ਰਾਹੀਂ ਦੁਨੀਆ ਭਰ ਦੇ ਕੰਪਿਊਟਰ ਇਕ-ਦੂਜੇ ਨਾਲ ਜੁੜੇ ਹੋਏ ਹਨ ਤੇ ਉਹ ਇਕ-ਦੂਜੇ ਨੂੰ ਸੰਦੇਸ਼ ਭੇਜ ਤੇ ਪ੍ਰਾਪਤ ਕਰ ਸਕਦੇ ਹਨ ਅਤੇ ਇਕ-ਦੂਜੇ ਵਿਚ ਮੌਜੂਦ ਸੂਚਨਾ ਦਾ ਆਦਾਨ-ਪ੍ਰਦਾਨ ਕਰ ਸਕਦੇ ਹਨ । ਇਹ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਅਸੀਂ ਦੁਨੀਆ ਵਿਚ ਕਿਸੇ ਵੀ ਥਾਂ ਬੈਠੇ ਆਪਣੇ ਮਿੱਤਰਾਂ ਤੇ ਰਿਸ਼ਤੇਦਾਰਾਂ ਨਾਲ ਗੱਲਾਂ-ਬਾਤਾਂ ਕਰ ਸਕਦੇ ਹਾਂ ਜਾਂ ਉਨ੍ਹਾਂ ਨੂੰ ਸੂਚਨਾ ਭੇਜ ਸਕਦੇ ਹਾਂ । ਇਸ ਵਿਚ ਵਣਜ-ਵਪਾਰ ਤੇ ਮੇਲ-ਮਿਲਾਪ ਦੇ ਅਸੀਮਿਤ ਸ਼ੁੱਭ ਮੌਕੇ ਮੌਜੂਦ ਹਨ । ਇਸ ਵਿਚ ਮੌਜੂਦ ਸੈਂਕੜੇ ਅਜਿਹੀਆਂ ਲਾਇਬਰੇਰੀਆਂ ਅਤੇ ਆਰਕਾਈਵਾਂ ਤੁਹਾਡੀਆਂ ਉਂਗਲਾਂ ਦੇ ਪੋਟਿਆਂ ਉੱਤੇ ਖੁੱਲ੍ਹ ਜਾਂਦੀਆਂ ਹਨ । ਵਿਦਵਾਨਾਂ ਲਈ ਇਸ ਵਿਚ ਸ਼ੋਧ-ਪੱਤਰਾਂ ਲਈ ਖ਼ੋਜ ਤੇ ਵਪਾਰੀਆਂ ਲਈ ਵਪਾਰ ਕਰਨ ਦੇ ਅਨੇਕਾਂ ਬਹੁਮੁੱਲੇ ਸੋਮੇ ਮੌਜੂਦ ਹਨ । ਇੰਟਰਨੈੱਟ ਉੱਤੇ ਖ਼ਬਰਾਂ ਦੀ ਤਟਫਟ ਆਨਲਾਈਨ ਰਿਪੋਰਟਿੰਗ ਜਾਂ ਸਾਖਿਅਤ ਵੈੱਬ-ਕਾਸਟਿੰਗ ਨੇ ਖ਼ਬਰਾਂ ਪੁਚਾਉਣ ਦੇ ਖੇਤਰ ਵਿਚ ਨਵੇਂ ਪਸਾਰ ਖੋਲ੍ਹ ਦਿੱਤੇ ਹਨ ਤੇ ਮਲਟੀਮੀਡੀਆ ਇੰਟਰਨੈੱਟ ਦਾ ਇਕ ਅਟੁੱਟ ਹਿੱਸਾ ਬਣ ਗਿਆ ਹੈ । ਈ-ਕਾਮਰਸ ਦਾ ਵਿਕਾਸ ਇੰਟਰਨੈੱਟ ਦੀ ਇਕ

HOLY FAITH INTERNATIONAL (P) LTD.

ਹੋਰ ਹੈਰਾਨ ਕਰਨ ਵਾਲੀ ਦੇਣ ਹੈ । ਇਸ ਮਾਧਿਅਮ ਦੀ ਸਮਰੱਥਾ ਦੀ ਖੋਜ ਕਰਨ ਲਈ ਵੱਧ ਤੋਂ ਵੱਧ ਕੰਪਨੀਆਂ ਅੱਗੇ ਆ ਗਈਆਂ ਹਨ ਅਤੇ ਇੰਟਰਨੈੱਟ ਉੱਤੇ ਉਹ ਸੱਚਮੁੱਚ ਦੇ ਸ਼ੋ-ਰੂਮ ਸਥਾਪਤ ਕਰ ਰਹੀਆਂ ਹਨ, ਜਿਨ੍ਹਾਂ ਤਕ ਦੁਨੀਆ ਵਿਚ ਕਿਸੇ ਥਾਂ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਵਿਅਕਤੀ ਮਾਊਸ ਨੂੰ ਕਲਿੱਕ ਕਰ ਕੇ ਪਹੁੰਚ ਕਰ ਸਕਦਾ ਹੈ ਅਤੇ ਉਹ ਉਸ ਉੱਤੇ ਇਲੈੱਕਟ੍ਰਾਨਿਕ ਕੈਟਾਲਾਗ, ਉਤਪਾਦਨ ਤਸਵੀਰਾਂ, ਪ੍ਰਦਰਸ਼ਨ ਅਤੇ ਹੋਰ ਜਾਣਕਾਰੀ ਨੂੰ ਦੇਖ ਕੇ ਆਪਣੇ ਕ੍ਰੈਡਿਟ ਕਾਰਡ ਦੀ ਵਰਤੋਂ ਕਰਦਾ ਹੋਇਆ ਕਿਸੇ ਵੀ ਚੀਜ਼ ਨੂੰ ਖ਼ਰੀਦਣ ਲਈ ਆਰਡਰ ਦੇ ਸਕਦਾ ਹੈ । ਬੈਂਕਾਂ ਦਾ ਏ.ਟੀ.ਐੱਮ. (ATM) ਤੇ ਜੀ.ਪੀ. ਐੱਸ. ਇਸੇ ਦਾ ਹੀ ਹਿੱਸਾ ਹਨ । ਫੇਸ ਬੁੱਕ ਤੇ ਹੋਰ ਅਜਿਹਾ ਸੋਸ਼ਲ ਨੈੱਟਵਰਕ ਅਜਿਹੇ ਸਾਧਨ ਹਨ, ਜਿਨ੍ਹਾਂ ਨਾਲ ਤੁਸੀਂ ਆਪਣੇ ਸੰਬੰਧਾਂ ਤੇ ਮਿੱਤਰਤਾ ਦਾ ਘੇਰਾ ਜਿੰਨਾ ਚਾਹੋ ਵਿਸ਼ਾਲ ਕਰ ਸਕਦੇ ਹੋ । ਇਸ ਵਿਚ ਬਹੁਤ ਸਾਰੀ ਅਸ਼ਲੀਲ, ਗੁਮਰਾਹਕਰੂ, ਭੁਚਲਾਊ, ਉਜਾੜਾ ਪਾਉਣ ਵਾਲੀ ਤੇ ਜੂਏਬਾਜ਼ੀ ਦੀ ਲਤ ਲਾਉਣ ਵਾਲੀ ਅਤਿ ਖ਼ਤਰਨਾਕ ਸਾਮਗਰੀ ਵੀ ਮੌਜੂਦ ਹੈ, ਜਿਸ ਤੋਂ ਬੱਚਿਆਂ ਤੇ ਨੌਜਵਾਨਾਂ ਨੂੰ ਬਚਣਾ ਚਾਹੀਦਾ ਹੈ । ਇਸ ਤੋਂ ਇਲਾਵਾ ਇੰਟਰਨੈੱਟ ਸਮੇਂ ਦਾ ਨਾਸ਼ ਕਰਨ ਵਾਲਾ ਤਾਂ ਹੈ ਹੀ । ਇਸ ਦੇ ਬਾਵਜੂਦ ਵੀ ਇਹ ਭਵਿੱਖ ਦੀ ਅਜਿਹੀ ਤਕਨਾਲੋਜੀ ਹੈ, ਜਿਹੜੀ ਸਾਡੀ ਤੇ ਸਾਡੇ ਬੱਚਿਆਂ ਦੀ ਜ਼ਿੰਦਗੀ ਨੂੰ ਨਿਸਚੇ ਹੀ ਤੇਜ਼, ਸੁਚੇਤ, ਅਚੂਕ ਤੇ ਖ਼ੂਬਸੂਰਤ ਬਣਾਏਗੀ ।

**4. ਉੱਤਰ—**

(*i*) ਤੁਸੀਂ ਦੌਲਤਮੰਦ ਹੋ ਪਰ ਸੁਖੀ ਨਹੀਂ ।
(*ii*) ਮਠਿਆਈ ਨੂੰ ਕਿਸ ਦਾ ਦਿਲ ਨਹੀਂ ਕਰਦਾ ?
(*iii*) ਮੇਰੀ ਇੱਛਾ ਹੈ ਕਿ ਮੈਂ ਡਾਕਟਰ ਹੁੰਦਾ ।
(*iv*) ਕੀ ਦੁੱਧ ਸੰਤੁਲਿਤ ਖ਼ੁਰਾਕ ਨਹੀਂ ?

**5. ਉੱਤਰ—**

**(*i*) ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ** (ਜਦੋਂ ਕੀਮਤੀ ਚੀਜ਼ਾਂ ਵਲ ਬੇਪਰਵਾਹੀ ਵਰਤੀ ਜਾਵੇ, ਪਰ ਨਿਗੂਣੀਆਂ ਚੀਜ਼ਾਂ ਦੀ ਸੰਭਾਲ ਕੀਤੀ ਜਾਵੇ, ਤਾਂ ਇਹ ਅਖਾਣ ਵਰਤੀ ਜਾਂਦੀ ਹੈ ।)—ਸਾਡੇ ਦੇਸ਼ ਦੇ ਲੀਡਰਾਂ ਨੂੰ ਇਹ ਸਮਝ ਨਹੀਂ ਆਉਂਦੀ ਕਿ ਨਵੀਆਂ-ਨਵੀਆਂ ਖੋਜਾਂ ਕਰਨ ਤੇ ਕਾਢਾਂ ਕੱਢਣ ਦੀ ਸਮਰੱਥਾ ਰੱਖਣ ਵਾਲੇ ਵਿਗਿਆਨੀਆਂ ਨੂੰ ਨੌਕਰੀਆਂ ਤੇ ਮਾਣ-ਸਨਮਾਨ ਨਾ ਦੇਣਾ ਅਤੇ ਆਪਣੀ ਕੁਨਬਾਪਰਵਰੀ ਦੀ ਨੀਤੀ ਉੱਤੇ ਚਲਦਿਆਂ ਨਿਕੰਮੇ ਤੇ ਭ੍ਰਿਸ਼ਟ ਵਿਅਕਤੀਆਂ ਨੂੰ ਚੰਗੀਆਂ ਨੌਕਰੀਆਂ ਤੇ ਉੱਚੇ ਅਹੁਦੇ ਦੇਣਾ, 'ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ' ਵਾਲੀ ਗੱਲ ਹੈ ।

**(*ii*) ਪਾਣੀ ਵਿਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੁੰਦੇ** (ਜਿੱਥੇ ਏਕਤਾ ਹੋਵੇ, ਉੱਥੇ ਵਖਰੇਵਾਂ ਨਹੀਂ ਹੋ ਸਕਦਾ ।)— ਫ਼ਿਰਕੂ-ਏਕਤਾ ਦੇ ਮੁਦਈ ਲੀਡਰ ਨੇ ਕਿਹਾ, ''ਵੀਰੋ, ਰਲ-ਮਿਲ ਕੇ ਰਹੋ । ਹਿੰਦੂਆਂ-ਸਿੱਖਾਂ ਸਾਰਿਆਂ ਨੇ ਇੱਥੇ ਹੀ ਜੰਮਣਾ-ਮਰਨਾ ਹੈ । ਪਾਣੀ ਵਿਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੁੰਦੇ ।''

**(*iii*) ਨਵਾਂ ਨੌਂ ਦਿਨ, ਪੁਰਾਣਾ ਸੌ ਦਿਨ** (ਪੁਰਾਣੀ ਮਿੱਤਰਤਾ ਛੱਡ ਕੇ ਨਵੀਂ ਦੋਸਤੀ ਪਾਉਣੀ ਠੀਕ ਨਹੀਂ ਹੁੰਦੀ ਜਾਂ ਪੁਰਾਣੀ ਚੀਜ਼ ਬਹੁਤ ਚਲਦੀ ਹੈ ।)—ਮੈਂ ਸੁਰਿੰਦਰ ਨੂੰ ਕਿਹਾ, ''ਤੂੰ ਪੁਰਾਣੇ ਅਜ਼ਮਾਏ ਹੋਏ ਦੋਸਤਾਂ ਨੂੰ ਛੱਡ ਕੇ ਨਵੇਂ ਦੋਸਤਾਂ ਪਿੱਛੇ ਭਟਕਦਾ ਫਿਰਦਾ ਏਂ ? ਪਰ ਯਾਦ ਰੱਖ ! 'ਨਵਾਂ ਨੌਂ ਦਿਨ, ਪੁਰਾਣਾ ਸੌ ਦਿਨ ।' ਅਖੀਰ ਪੁਰਾਣੇ ਹੀ ਕੰਮ ਆਉਣਗੇ ।'' ਨਵੇਂ ਦੋਸਤ ਖਾ ਪੀ ਕੇ ਨੱਠ ਜਾਣਗੇ ।

**(*iv*) ਜਾਂਦੇ ਚੋਰ ਦੀ ਲੰਗੋਟੀ ਹੀ ਸਹੀ** (ਬਹੁਤੇ ਨੁਕਸਾਨ ਵਿਚੋਂ ਥੋੜ੍ਹਾ ਪੂਰਾ ਹੋ ਜਾਵੇ, ਚੰਗਾ ਹੁੰਦਾ ਹੈ ।)—ਜਦੋਂ ਸਾਡਾ ਕਿਰਾਏਦਾਰ ਦੋ ਕੁ ਮਹੀਨੇ ਦਾ ਕਿਰਾਇਆ ਮਾਰ ਕੇ ਰਾਤ ਨੂੰ ਚੋਰੀ ਮਕਾਨ ਖ਼ਾਲੀ ਕਰ ਗਿਆ, ਤਾਂ ਮੈਂ ਕਮਰੇ ਦੇ ਅੰਦਰ ਉਸ ਦੇ ਚਾਰ ਮੰਜੇ ਪਏ ਦੇਖ ਕੇ ਕਿਹਾ, 'ਚਲੋ ਜਾਂਦੇ ਚੋਰ ਦੀ ਲੰਗੋਟੀ ਹੀ ਸਹੀ ।'

**(*v*) ਸੰਗ ਤਾਰੇ ਕੁਸੰਗ ਡੋਬੇ** (ਇਹ ਅਖਾਣ ਚੰਗੀ ਜਾਂ ਬੁਰੀ ਸੰਗਤ ਦਾ ਅਸਰ ਦਰਸਾਉਣ ਲਈ ਵਰਤੀ ਜਾਂਦੀ ਹੈ)—ਪਿਤਾ ਨੇ ਪੁੱਤਰ ਨੂੰ ਕਿਹਾ ਕਿ ਉਹ ਨਸ਼ੇਬਾਜ਼ਾਂ ਤੇ ਜੂਏਬਾਜ਼ਾਂ ਦੀ ਸੰਗਤ ਨਾ ਕਰੇ, ਨਹੀਂ ਤਾਂ ਜਿਸ ਦਿਨ ਪੁਲਿਸ ਨੇ ਉਨ੍ਹਾਂ ਨੂੰ ਆ ਦਬੋਚਿਆ, ਤਦ ਨਾਲ ਹੀ ਉਹ ਵੀ ਰਗੜਿਆ ਜਾਵੇਗਾ । ਫਿਰ ਉਸ ਨੂੰ ਜ਼ਿੰਦਗੀ ਭਰ ਪਛਤਾਉਣਾ ਪਵੇਗਾ । ਸਿਆਣੇ ਕਹਿੰਦੇ ਹਨ, 'ਸੰਗ ਤਾਰ ਕੁਸੰਗ ਡੋਬੇ ।'

**(*vi*) ਘਰ ਦਾ ਸੜਿਆ ਵਣ ਗਿਆ ਵਣ ਨੂੰ ਲੱਗੀ ਅੱਗ** (ਜਦੋਂ ਕੋਈ ਇਕ ਥਾਂ ਦੀ ਤੰਗੀ ਤੋਂ ਬਚਣ ਲਈ ਹੋਰ ਥਾਂ ਜਾਵੇ, ਪਰ ਅੱਗੋਂ ਉਸ ਨੂੰ ਹੋਰ ਮੁਸੀਬਤ ਘੇਰ ਲਵੇ)—ਘਰ ਦੀ ਆਰਥਿਕ ਤੰਗੀ ਤੋਂ ਦੁਖੀ ਹੋ ਕੇ ਰਾਮ ਸਿੰਘ ਇਕ ਏਜੰਟ ਦੇ ਟੇਟੇ ਚੜ੍ਹਿਆ ਜ਼ਮੀਨ ਵੇਚ ਕੇ ਜਰਮਨ ਵਿਚ ਰੋਜ਼ੀ ਕਮਾਉਣ ਗਿਆ, ਪਰ ਜਹਾਜ਼ੋਂ ਉਤਰਦਿਆਂ ਹੀ ਪੁਲਿਸ ਦੇ ਕਾਬੂ ਆ ਗਿਆ ਤੇ ਉਸ ਨੇ ਉਸ ਨੂੰ ਫੜ ਕੇ ਜੇਲ੍ਹ ਵਿਚ ਡੱਕ ਦਿੱਤਾ । ਉਸ ਦੀ ਤਾਂ ਉਹ ਗੱਲ ਹੋਈ, ਅਖੇ, 'ਘਰ ਦਾ ਸੜਿਆ ਵਣ ਗਿਆ, ਵਣ ਨੂੰ ਲੱਗੀ ਅੱਗ ।'

**6. ਉੱਤਰ—**

**ਲੱਗੇ ਹੋਏ ਕਾਠੀ ............ ਚੁੰਮ ਚੁੰਮ ਰੱਖੋ ।**

**ਪ੍ਰਸੰਗ**—ਇਹ ਕਾਵਿ-ਟੋਟਾ 'ਲਾਜ਼ਮੀ ਪੰਜਾਬੀ-12' ਪਾਠ-ਪੁਸਤਕ ਵਿਚ ਦਰਜ ਨੰਦ ਲਾਲ ਨੂਰਪੁਰੀ ਦੇ ਲਿਖੇ ਹੋਏ ਗੀਤ 'ਚੁੰਮ-ਚੁੰਮ ਰੱਖੋ' ਵਿਚੋਂ ਲਿਆ ਗਿਆ ਹੈ । ਇਸ ਗੀਤ ਵਿਚ ਮਾਤਾ ਜੀਤੋ ਜੀ ਜੰਗ ਵਿਚ ਗਏ ਆਪਣੇ ਦੋ ਵੱਡੇ ਸਪੁੱਤਰਾਂ—ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਦੀ ਉਡੀਕ ਕਰਦੀ ਹੈ ਪਰ ਉਸ ਨੂੰ ਉਨ੍ਹਾਂ ਦੀ ਲਹੂ-ਲਿਬੜੀ ਤੇ ਭੁੱਬਾਂ ਮਾਰਦੀ ਘੋੜੀ ਤੋਂ ਪਤਾ ਲਗਦਾ ਹੈ ਉਹ ਜੰਗ ਵਿਚ ਸ਼ਹੀਦ ਹੋ ਗਏ ਹਨ । ਇਨ੍ਹਾਂ ਸਤਰਾਂ ਵਿਚ ਇਸੇ ਦੁਖਾਂਤਕ ਝਾਕੀ ਦਾ ਵਰਣਨ ਹੈ ।

**ਵਿਆਖਿਆ**—ਘੋੜੀ ਦੀ ਕੋਠੀ ਉੱਪਰ ਲੱਗਾ ਲਹੂ ਇਹ ਕਹਿੰਦਾ ਪ੍ਰਤੀਤ ਹੋਇਆ ਕਿ ਹੇ ਮਾਤਾ, ਅੱਜ ਤੇਰੇ ਸਪੁੱਤਰਾਂ ਦਾ ਜੋੜਾ ਆਪਣੇ ਦਾਦੇ ਗੁਰੂ ਤੇਗ ਬਹਾਦਰ ਜੀ ਵਾਂਗ ਸ਼ਹੀਦੀ ਪ੍ਰਾਪਤ ਕਰ ਕੇ ਉਨ੍ਹਾਂ ਦੇ ਕੋਲ ਹੀ ਚਲਾ ਗਿਆ ਹੈ ; ਇਸ ਕਰਕੇ ਤੈਨੂੰ ਹੁਣ ਆਪਣੇ ਹੰਸ-ਸਪੁੱਤਰਾਂ ਦੀ ਡਾਰ ਦੀ ਉਡੀਕ ਛੱਡ ਦੇਣੀ ਚਾਹੀਦੀ ਹੈ । ਮਾਤਾ ਜੀਤੋ ਜੀ ਹੁਣ ਆਪਣੇ ਵਿਛੜੇ ਜੁਝਾਰ ਦੀ ਕਲਗ਼ੀ ਨੂੰ ਚੁੰਮ-ਚੁੰਮ ਕੇ ਰੱਖ ਰਹੀ ਸੀ ।

*ਜਾਂ*

**ਸੌਂ ਗਈਆਂ ................. ਭੱਠੀ ਵਾਲੀਏ ।**

**ਪ੍ਰਸੰਗ**—ਇਹ ਕਾਵਿ-ਟੋਟਾ 'ਲਾਜ਼ਮੀ ਪੰਜਾਬੀ-12' ਪਾਠ-ਪੁਸਤਕ ਵਿਚ ਦਰਜ ਸ਼ਿਵ ਕੁਮਾਰ 'ਬਟਾਲਵੀ' ਦੀ ਰਚਨਾ 'ਗੀਤ' ਵਿਚੋਂ ਲਿਆ ਗਿਆ ਹੈ । ਇਹ ਬਿਰਹੋਂ ਦੇ ਦੁੱਖਾਂ ਨਾਲ ਭਰਿਆ ਇਕ ਵਿਸ਼ਾਦ ਭਰਪੂਰ ਗੀਤ ਹੈ । ਇਸ ਵਿਚ ਕਵੀ ਆਪਣੀ ਮਰ ਚੁੱਕੀ ਪ੍ਰੇਮਿਕਾ ਦੇ ਵਿਛੋੜੇ ਦੇ ਦੁੱਖ ਤੇ ਹੋਣੀ ਦੁਆਰਾ ਦਿੱਤੀਆਂ ਜਾ ਰਹੀਆਂ

HOLY FAITH INTERNATIONAL (P) LTD.

ਪੀੜਾਂ ਨੂੰ ਡਾਢੇ ਵਿਸ਼ਾਦ ਭਰੇ ਭਾਵਾਂ ਵਿਚ ਗੁੰਨ੍ਹ ਕੇ ਪੇਸ਼ ਕਰਦਾ ਹੈ ।

**ਵਿਆਖਿਆ**—ਕਵੀ ਕਹਿੰਦਾ ਹੈ, ਹੇ ਮੇਰੀ ਭੱਠੀ ਵਾਲੀ ਰੂਪ ਹੋਣੀ ! ਮੈਨੂੰ ਤੇਰੇ ਕੋਲੋਂ ਪੀੜਾਂ ਰੂਪ ਦਾਣੇ ਭੁੰਨਾਉਣ ਆਇਆਂ ਬਹੁਤ ਦੇਰ ਹੋ ਗਈ ਹੈ । ਹੁਣ ਤਾਂ ਹਵਾਵਾਂ ਵੀ ਮੇਰੇ ਦੁਖੀ ਦਿਲ ਨੂੰ ਦੇਖ ਕੇ ਵਿਰਲਾਪ ਕਰਦੀਆਂ ਥੱਕ ਕੇ ਸੌਂ ਗਈਆਂ ਹਨ। ਮੇਰੇ ਦੁੱਖ ਕਾਰਨ ਤਾਰਿਆਂ ਨੂੰ ਮੱਠਾ-ਮੱਠਾ ਬੁਖ਼ਾਰ ਚੜ੍ਹ ਗਿਆ ਜਾਪਦਾ ਹੈ । ਮੇਰੇ ਸਾਹਾਂ ਦੀ ਜੰਞ ਦਾ ਲਾੜਾ ਵੀ ਗੁੱਸੇ ਹੋ ਗਿਆ ਲਗਦਾ ਹੈ ; ਫਲਸਰੂਪ ਮੇਰੇ ਸਾਹ ਰੁਕ ਗਏ ਹਨ, ਮੌਤ ਨੇੜੇ ਆ ਗਈ ਹੈ । ਤੂੰ ਮੇਰਾ ਪੀੜਾਂ ਦਾ ਪਰਾਗਾ ਛੇਤੀ ਨਾਲ ਭੁੰਨ । ਮੈਂ ਤੈਨੂੰ ਹੰਝੂਆਂ ਦਾ ਭਾੜਾ ਦਿੰਦਾ ਹਾਂ, ਤਾਂ ਜੋ ਮੈਂ ਛੇਤੀ ਮੁੱਕ ਜਾਵਾਂ ।

**7. ਉੱਤਰ**—

(*i*) (ਅ) ਕਸ਼ਮੀਰ ਦੀ, (*ii*) (ੳ) ਸ਼ਾਹ ਜਹਾਨ ਦੇ, (*iii*) (ਅ) ਗੀਤ, (*iv*) (ਸ) ਹੀਰ-ਰਾਂਝੇ ਦੀ ।

**8. ਉੱਤਰ**—

'ਨੀਲੀ' ਕਹਾਣੀ ਦਾ ਮੁੱਖ ਵਿਸ਼ਾ ਪਸ਼ੂ ਦਾ ਆਪਣੇ ਬੱਚੇ ਲਈ ਪਿਆਰ ਤੇ ਮੋਹ ਹੈ । ਕਹਾਣੀ ਵਿਚ ਨੀਲੀ ਦਾ ਆਪਣੀ ਵੱਛੀ ਦੇ ਬੁੱਲ੍ਹਾਂ ਦੀ ਛੋਹ ਨਾਲ ਹੀ ਦੁੱਧ ਲਾਹ ਦੇਣਾ ਪਰ ਉਸਦੇ ਮਰ ਜਾਣ ਪਿੱਛੋਂ ਉਸਦਾ ਕੁੱਝ ਦਿਨ ਕੁਝ ਵੀ ਨਾ ਖਾਣਾ ਤੇ ਨਾ ਦੁੱਧ ਦੇਣਾ ਉਸਦੇ ਆਪਣੇ ਬੱਚੇ ਨਾਲ ਮੋਹ ਨੂੰ ਪ੍ਰਗਟ ਕਰਦਾ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਪਸ਼ੂਆਂ ਵਿਚ ਵੀ ਮਮਤਾ ਹੁੰਦੀ ਹੈ । ਉਹ ਵੀ ਮਨੁੱਖਾਂ ਵਾਂਗ ਆਪਣੇ ਬੱਚਿਆਂ ਨਾਲ ਮੋਹ ਤੇ ਪਿਆਰ ਰੱਖਦੇ ਹਨ ਤੇ ਜੇਕਰ ਕਿਸੇ ਕਾਰਨ ਬੱਚੇ ਦੀ ਮੌਤ ਹੋ ਜਾਵੇ, ਤਾਂ ਉਹ ਵੀ ਦੁਖੀ ਤੇ ਉਦਾਸ ਹੁੰਦੇ ਹਨ । ਉਨ੍ਹਾਂ ਦੀ ਭੁੱਖ ਮਾਰੀ ਜਾਂਦੀ ਹੈ ਤੇ ਜੇਕਰ ਉਹ ਲਵੇਰੇ ਹੋਣ, ਤਾਂ ਉਨ੍ਹਾਂ ਦੇ ਦੁੱਧ ਉਤਰਨ ਦੇ ਕਾਰਜ ਵਿਚ ਰੁਕਾਵਟ ਪੈ ਜਾਂਦੀ ਹੈ । ਪਰੰਤੂ ਜਦੋਂ ਹੌਲੀ-ਹੌਲੀ ਇਸ ਦੁੱਖ ਦਾ ਅਸਰ ਘਟਦਾ ਹੈ, ਤਾਂ ਉਨ੍ਹਾਂ ਦੀ ਭੁੱਖ ਵੀ ਪਰਤਣ ਲਗਦੀ ਹੈ ਤੇ ਹੋਰ ਕਾਰਜ ਵੀ ਆਮ ਵਰਗੇ ਹੋ ਜਾਂਦੇ ਹਨ । ਇਸ ਦੇ ਨਾਲ ਹੀ ਇਸ ਕਹਾਣੀ ਵਿਚ ਪਸ਼ੂਆਂ ਦੀ ਸਮਝਦਾਰੀ ਤੇ ਸੰਵੇਦਨਸ਼ੀਲਤਾ ਦੀ ਝਲਕ ਵੀ ਪੇਸ਼ ਕੀਤੀ ਗਈ ਹੈ ।

ਇਸਦੇ ਵਿਸ਼ੇ ਦਾ ਦੂਜਾ ਪੱਖ, ਮਨੁੱਖ ਦੀ ਵਪਾਰਕ ਰੁਚੀ ਤੇ ਲਾਲਚ ਹੈ, ਜਿਸ ਅਧੀਨ ਉਹ ਪਸ਼ੂਆਂ ਦੀਆਂ ਭਾਵਨਾਵਾਂ ਨੂੰ ਨਾ ਸਮਝਦਾ ਹੋਇਆ, ਉਨ੍ਹਾਂ ਦਾ ਰੱਜ ਕੇ ਸ਼ੋਸ਼ਣ ਕਰਨਾ ਚਾਹੁੰਦਾ ਹੈ, ਜਿਸ ਤਰ੍ਹਾਂ ਗੁਆਲਾ ਨੀਲੀ ਦੇ ਦੁੱਧ ਤੋਂ ਵੱਧ ਤੋਂ ਵੱਧ ਪੈਸੇ ਪ੍ਰਾਪਤ ਕਰਨ ਲਈ ਵੱਛੀ ਲਈ ਉਸਦਾ ਦੁੱਧ ਨਹੀਂ ਛੱਡਦਾ ਤੇ ਫਿਰ ਉਹ ਉਦੋਂ ਬੁਰੀ ਤਰ੍ਹਾਂ ਬੇਚੈਨ ਰਹਿੰਦਾ ਹੈ, ਜਦੋਂ ਉਹ ਦੁਖੀ ਅਵਸਥਾ ਵਿਚ ਵਿਚਰਦੀ ਦੁੱਧ ਨਹੀਂ ਦਿੰਦੀ । ਗੁਆਲੇ ਦਾ ਉਸਦੇ ਦੁੱਖ ਨਾਲ ਕੋਈ ਮਤਲਬ ਨਹੀਂ, ਸਿਰਫ ਆਪਣੇ ਵਪਾਰ ਤੇ ਲਾਲਚ ਨਾਲ ਹੈ । ਇਸ ਪ੍ਰਕਾਰ ਇਸ ਕਹਾਣੀ ਦਾ ਵਿਸ਼ਾ ਬਹੁਪਰਤੀ ਹੈ ।

***ਜਾਂ***

ਪ੍ਰੋਫ਼ੈਸਰ ਮਲ੍ਹੋਤਰਾ 'ਸਾਂਝ' ਕਹਾਣੀ ਦਾ ਮੁੱਖ ਪਾਤਰ ਹੈ । ਉਹ ਪੜ੍ਹਿਆ-ਲਿਖਿਆ ਹੈ । ਉਸ ਨੂੰ ਬੁੱਢੇ ਵਾਰੇ ਨੌਕਰੀ ਮਿਲੀ ਸੀ, ਜਿਸ ਕਰਕੇ ਉਹ ਮੁੱਢਲੀ ਤਨਖ਼ਾਹ ਉੱਤੇ ਹੀ ਗੁਜ਼ਾਰਾ ਕਰ ਰਿਹਾ ਹੈ । ਉਸ ਦੇ ਘਰ ਵਿਚ ਗ਼ਰੀਬੀ ਹੈ । ਪਰੰਤੂ ਉਸ ਦੁਆਰਾ ਪਹਿਨੀ ਧੋਬੀ ਦੀ ਧੋਤੀ ਚਿੱਟੀ ਪਤਲੂਨ ਤੇ ਬੁਸ਼ਰਟ ਕਰਕੇ ਉਸ ਦੀ ਗ਼ਰੀਬੀ ਲੋਕਾਂ ਨੂੰ ਦਿਖਾਈ ਨਹੀਂ ਦਿੰਦੀ । ਜਦੋਂ ਉਸ ਨੂੰ ਸਾਈਕਲ ਦੀ ਸਵਾਰੀ ਦੇ ਗ਼ਰੀਬ ਦੀ ਸਵਾਰੀ ਹੋਣ ਦਾ ਅਹਿਸਾਸ ਹੁੰਦਾ ਹੈ, ਤਾਂ ਨਾਲ ਹੀ ਉਸ ਨੂੰ ਇਹ ਹੀਣਤਾ ਭਰਿਆ ਅਹਿਸਾਸ ਵੀ ਹੁੰਦਾ ਹੈ ਜਿਵੇਂ ਉਸ ਦੀ ਕਾਲੀ ਤੇ ਗ਼ਲੀਜ਼ ਗ਼ਰੀਬੀ ਬਾਹਰ ਦਿਸ ਰਹੀ ਹੋਵੇ । ਗ਼ਰੀਬੀ ਕਾਰਨ ਹੀ ਮਹੀਨੇ ਦੇ ਅੰਤ ਵਿਚ ਉਸ ਦੀ ਜੇਬ ਵਿਚ ਕੇਵਲ ਤੀਹ ਪੈਸੇ ਰਹਿ ਜਾਂਦੇ ਹਨ, ਜਿਨ੍ਹਾਂ ਨਾਲ ਉਹ ਨਾ ਆਪਣੇ ਬੱਚੇ ਨੂੰ ਰਸ ਲੈ ਕੇ ਦੇ ਸਕਦਾ ਹੈ, ਨਾ ਧੋਬੀ ਦੇ ਪੈਸੇ ਦੇ ਸਕਦਾ ਹੈ ਤੇ ਨਾ ਹੀ ਬੁੱਢੀ ਦੀ ਸਹਾਇਤਾ ਕਰ ਸਕਦਾ ਹੈ । ਉਸ ਦੀ ਹਉਮੈਂ ਉਸ ਨੂੰ ਕਿਸੇ ਤੋਂ ਪੈਸੇ ਮੰਗਣ ਤੋਂ ਵੀ ਵਰਜਦੀ ਹੈ । ਉਹ ਨੇਕੀ ਤੇ ਮਜਬੂਰੀ ਦੀ ਦੁਵਿਧਾ ਵਿਚ ਫਸਿਆ ਆਖ਼ਰ ਮਜਬੂਰੀ ਹੱਥੋਂ ਹਾਰ ਜਾਂਦਾ ਹੈ । ਉਂਞ ਉਹ ਇਕ ਸੰਵੇਦਨਸ਼ੀਲ ਵਿਅਕਤੀ ਹੈ । ਜਿੱਥੇ ਬੁੱਢੀ ਦੇ ਸਰੀਰ ਤੇ ਕੱਪੜਿਆਂ ਦੀ ਗੰਦਗੀ ਤੋਂ ਉਸ ਨੂੰ ਕਰੀਚ ਆਉਂਦੀ ਹੈ, ਉੱਥੇ ਉਸ ਦੀ ਇਨਸਾਨੀਅਤ ਤੇ ਅੰਤਰ-ਆਤਮਾ ਉਸ ਤੋਂ ਉਸ ਦੀ ਸਹਾਇਤਾ ਕਰਾਉਂਦੀ ਹੈ । ਉਂਞ ਉਹ ਭਾਵੇਂ ਬੁਢਾਪੇ ਵਿਚ ਦਾਖ਼ਲ ਹੋ ਰਿਹਾ ਸੀ, ਪਰ ਸਰੀਰੋਂ ਤਕੜਾ ਸੀ । ਉਸ ਨੂੰ ਆਪਣੇ ਬੁੱਢੀ ਪ੍ਰਤੀ ਰਵੱਈਏ ਕਰਕੇ ਚੀਰੇ ਵਾਲਾ ਨੌਜਵਾਨ ਪਹਿਲਾਂ ਪੱਥਰ-ਦਿਲ ਜਾਪਦਾ ਹੈ, ਪਰੰਤੂ ਅੰਤ ਵਿਚ ਆਪਣੇ ਵਰਗਾ ਹੀ ਸੰਵੇਦਨਸ਼ੀਲ ਤੇ ਮਨੁੱਖੀ ਦਰਦ ਨਾਲ ਭਰਪੂਰ ।

**9. ਉੱਤਰ**—

(*i*) (ੲ) ਜੇਠ ਵਿਚ, (*ii*) (ਸ) ਵੱਛੀ ਲਈ, (*iii*) (ੳ) ਪਿੰਗਲਵਾੜੇ, (*iv*) (ਅ) ਵੱਡਾ ਵੀਰ, (*v*) (ਅ) ਗੁਆਲਾ ।

**10. ਉੱਤਰ**—

(*i*) ਪ੍ਰੋਫ਼ੈਸਰ ਦੇ ਮਨ ਵਿਚ ਖ਼ਿਆਲ ਆਇਆ ਕਿ ਉਹ ਸਾਈਕਲ ਜ਼ਰਾ ਤੇਜ਼ ਕਰ ਕੇ ਉਸ ਤੋਂ ਅੱਗੇ ਲੰਘ ਕੇ ਦੱਸ ਦਏ ਕਿ ਭਾਵੇਂ ਉਸਦੇ ਸਿਰ ਦੇ ਵਾਲ ਚਿੱਟੇ ਹੋ ਗਏ ਹਨ, ਪਰ ਉਹ ਅਜੇ ਵੀ ਜਵਾਨਾਂ ਤੋਂ ਮਾਰ ਨਹੀਂ ਖਾਂਦਾ ਪਰ ਫਿਰ ਉਸਨੇ ਇਹ ਖ਼ਿਆਲ ਛੱਡ ਦਿੱਤਾ ।

(*ii*) ਇਸ ਦਾ ਮੁੱਖ ਕਾਰਨ ਇਹ ਸੀ ਕਿ ਉਸ ਦੀ ਬੱਚੀ ਵੱਛੀ ਦੀ ਮੌਤ ਹੋ ਗਈ ਸੀ ਤੇ ਉਹ ਗ਼ਮ ਵਿਚ ਸੀ । ਦੂਸਰੇ ਉਸ ਨੂੰ ਦੁੱਧ ਉਤਰਦਾ ਹੀ ਬੱਚੀ ਲਈ ਸੀ, ਪਰ ਜਦੋਂ ਉਹ ਨਹੀਂ ਸੀ ਰਹੀ, ਤਾਂ ਉਸ ਨੇ ਦੁੱਧ ਕਰਨਾ ਵੀ ਕੀ ਸੀ ?

(*iii*) ਰਿਕਸ਼ੇ ਵਾਲਾ ਇਸ ਕਰਕੇ 'ਮਾੜਾ ਬੰਦਾ' ਹੈ, ਕਿਉਂਕਿ ਉਹ ਤੈਅ ਕੀਤੇ ਪੈਸਿਆਂ ਤੋਂ ਵੱਧ ਪੈਸੇ ਮੰਗਣ ਲਈ ਨਿਮਰਤਾ ਜਾਂ ਮਿੰਨਤ ਦੀ ਥਾਂ ਕ੍ਰੋਧ ਅਤੇ ਜ਼ਿੱਦ ਤੋਂ ਕੰਮ ਲੈਂਦਾ ਹੈ, ਪਰ ਉਹ ਇਸ ਕਰਕੇ 'ਮਾੜਾ ਬੰਦਾ' ਵੀ ਨਹੀਂ ਕਿਉਂਕਿ ਉਹ ਆਪਣੇ ਹੱਕ ਲਈ ਰੋਹ ਤੇ ਰੰਜ ਦਾ ਦਿਖਾਵਾ ਕਰਦਾ ਹੈ ਤੇ ਆਪਣੇ ਸ੍ਵੈ-ਮਾਣ ਨੂੰ ਕਾਇਮ ਰੱਖਦਿਆਂ ਕਹਾਣੀਕਾਰ ਦੇ ਘਰ ਵਲ ਵੇਖਦਾ ਵੀ ਨਹੀਂ ।

(*iv*) ਸਹੁਰੇ-ਘਰ ਵਿਦਾ ਹੋ ਰਹੀ ਭੈਣ ਜੀਤੋ ਦਾ ਰੋ-ਰੋ ਕੇ ਬੁਰਾ ਹਾਲ ਹੋਇਆ ਦੇਖ ਕੇ ਉਸਨੂੰ ਯਾਦ ਆਇਆ ਕਿ ਕਿਸੇ ਅਨਜਾਣ ਕੁੜੀ ਨਾਲ ਰਹਿਣ ਦੀ ਮੁਸ਼ਕਿਲ ਨੂੰ ਸੋਚ ਕੇ ਉਹ ਆਪ ਵਿਆਹ ਤੋਂ ਡਰਦਾ ਰਿਹਾ ਹੈ, ਹੁਣ ਜਦੋਂ ਉਸਦੀ ਭੈਣ ਅਨਜਾਣ ਬੰਦੇ ਕੋਲ ਜਾ ਰਹੀ ਹੈ, ਤਾਂ ਉਸਦਾ ਡਰ ਘਟਾਉਣ ਲਈ ਉਸਦਾ ਉਸਦੇ ਨਾਲ ਜਾਣਾ ਜ਼ਰੂਰੀ ਹੈ । ਇਸ ਕਰਕੇ ਉਹ ਉਸਦੇ ਨਾਲ ਜਾਣ ਲਈ ਤਿਆਰ ਹੋ ਗਿਆ ।

HOLY FAITH INTERNATIONAL (P) LTD.

(*v*) ਕਹਾਣੀਕਾਰ ਨੇ ਜਦੋਂ ਰਿਕਸ਼ੇ ਵਾਲੇ ਨੂੰ ਆਪਣੀ ਪਤਨੀ ਦੁਆਰਾ ਫੜਾਏ ਰੁਪਏ ਬੁੜ-ਬੁੜ ਕਰਦਿਆਂ ਵਗਾਹ ਕੇ ਮਾਰਦਿਆਂ ਦੇਖਿਆ, ਤਾਂ ਉਸ ਨੂੰ ਗੁੱਸਾ ਚੜ੍ਹ ਗਿਆ । ਉਸ ਦਾ ਦਿਲ ਕੀਤਾ ਸੀ ਕਿ ਉਹ ਉਸ ਨੂੰ ਵਾਲਾਂ ਤੋਂ ਫੜ ਕੇ ਹੇਠਾਂ ਸੁੱਟ ਲਵੇ ਤੇ ਉਸ ਦੀਆਂ ਕਾਨਿਆਂ ਵਰਗੀਆਂ ਲੱਤਾਂ ਨੂੰ ਮਰੋੜ ਸੁੱਟੇ ।

**11. ਉੱਤਰ–**

(*i*) (ੲ) ਸੁਖਦੇਵ ਮਾਦਪੁਰੀ, (*ii*) (ੲ) ਮਾਘੀ, (*iii*) (ਅ) ਬਚਾਓ ਦਾ, (*iv*) (ਸ) ਗਿੱਧਾ, (*v*) (ੲ) ਗੁੜ੍ਹਤੀ ।

**12. ਉੱਤਰ–**

(ੳ) ਪੰਜਾਬ ਵਿਚ ਗੁਰੂ ਸਾਹਿਬਾਂ ਦੇ ਪਾਵਨ ਸਥਾਨਾਂ ਉੱਤੇ ਖ਼ਾਸ-ਖ਼ਾਸ ਮੌਕਿਆਂ ਉੱਤੇ ਮੇਲੇ ਲਗਦੇ ਹਨ । ਪੱਛਮੀ ਪੰਜਾਬ ਵਿਚ ਪੰਜਾ ਸਾਹਿਬ ਵਿਖੇ ਹਰ ਪੂਰਨਮਾਸ਼ੀ ਨੂੰ ਮੇਲਾ ਲਗਦਾ ਸੀ । ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਉੱਤੇ ਡੇਰਾ ਸਾਹਿਬ, ਲਾਹੌਰ ਵਿਚ ਭਾਰੀ ਜੋੜ-ਮੇਲਾ ਲਗਦਾ ਸੀ । ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ-ਉਤਸਵ ਉੱਤੇ ਭਾਰੀ ਮੇਲਾ ਲਗਦਾ ਸੀ । ਇਨ੍ਹਾਂ ਤੋਂ ਇਲਾਵਾ ਮਾਘੀ ਦੇ ਦਿਨ ਮੁਕਤਸਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਚਾਲੀ ਮੁਕਤਿਆਂ ਦੀ ਟੁੱਟੀ ਗੰਢਣ ਸੰਬੰਧੀ ਭਾਰੀ ਮੇਲਾ ਲਗਦਾ ਹੈ । ਚੇਤ ਵਦੀ ਪਹਿਲੀ ਨੂੰ ਆਨੰਦਪੁਰ ਸਾਹਿਬ ਵਿਖੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਲੇ-ਮਹੱਲੇ ਦਾ ਮੇਲਾ ਲਗਦਾ ਹੈ । ਤਰਨਤਾਰਨ ਵਿਖੇ ਹਰ ਮੱਸਿਆ ਨੂੰ ਲੱਗਣ ਵਾਲੇ ਮੇਲੇ ਵਿਚ ਲੋਕ ਭਾਰੀ ਗਿਣਤੀ ਵਿਚ ਪਹੁੰਚਦੇ ਹਨ । ਇਨ੍ਹਾਂ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸੰਬੰਧੀ ਮੋਰਿੰਡਾ, ਚਮਕੌਰ ਸਾਹਿਬ ਤੇ ਫ਼ਤਹਿਗੜ੍ਹ ਸਾਹਿਬ ਵਿਚ ਜੋੜ-ਮੇਲੇ ਲਗਦੇ ਹਨ ।

(ਅ) ਪੋਹ ਦੇ ਮਹੀਨੇ ਦੇ ਅੰਤਮ ਦਿਨ ਲੋਹੜੀ ਮਨਾਈ ਜਾਂਦੀ ਹੈ । ਲੋਹੜੀ ਤੋਂ ਕੁੱਝ ਦਿਨ ਪਹਿਲਾਂ ਛੋਟੇ-ਛੋਟੇ ਬੱਚੇ ਟੋਲੀਆਂ ਬਣਾ ਕੇ ਸੁਰੀਲੀ ਲੈ ਵਿੱਚ ਗੀਤ ਅਲਾਪਦੇ ਹੋਏ ਲੋਹੜੀ ਲਈ ਲੱਕੜਾਂ ਤੇ ਗੋਹੇ ਆਦਿ ਇਕੱਠੇ ਕਰਦੇ ਹਨ । ਲੋਹੜੀ ਵਾਲੀ ਰਾਤ ਉਂਵ ਤਾਂ ਹਰ ਗਲੀ-ਮੁਹੱਲੇ ਵਿਚ ਹੀ ਲੋਹੜੀ ਬਾਲੀ ਜਾਂਦੀ ਹੈ, ਪਰ ਜਿਸ ਘਰ ਮੁੰਡਾ ਜੰਮਿਆ ਹੋਵੇ ਜਾਂ ਨਵਾਂ-ਨਵਾਂ ਵਿਆਹ ਹੋਇਆ ਹੋਵੇ, ਉਹ ਲੋਹੜੀ ਨੂੰ ਉਚੇਚੇ ਸ਼ਗਨਾਂ ਨਾਲ ਮਨਾਉਂਦੇ ਹਨ ਤੇ ਗਲੀ-ਮੁਹੱਲੇ ਵਿਚ ਗੁੜ ਤੇ ਚਿੜਵੇ-ਰਿਉੜੀਆਂ ਵੰਡਦੇ ਹਨ ।

(ੲ) ਬੱਚੇ ਦੇ ਜਨਮ ਤੋਂ ਪਿੱਛੋਂ ਗੁੜ੍ਹਤੀ ਦੀ ਰਸਮ ਮਹੱਤਵਪੂਰਨ ਸਮਝੀ ਜਾਂਦੀ ਹੈ । ਬੱਚੇ ਨੂੰ ਦਿੱਤੀ 'ਗੁੜ੍ਹਤੀ' ਦਾ ਬੱਚੇ ਦੇ ਸੁਭਾ ਉੱਤੇ ਡੂੰਘਾ ਅਸਰ ਹੁੰਦਾ ਮੰਨਿਆ ਜਾਂਦਾ ਹੈ । ਕਈ ਵਾਰੀ ਗਰਭਵਤੀਆਂ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਬੰਦੇ ਨੂੰ ਮਨ ਵਿਚ ਧਾਰ ਲੈਂਦੀਆਂ ਹਨ, ਜਿਸ ਤੋਂ ਉਹ ਗੁੜ੍ਹਤੀ ਦਿਵਾਉਣੀ ਚਾਹੁੰਦੀਆਂ ਹੋਣ । ਗੁੜ੍ਹਤੀ ਮਿਸਰੀ ਦੀ ਡਲੀ ਜਾਂ ਭੇਡ-ਬੱਕਰੀ ਦੇ ਦੁੱਧ ਦੀ ਦਿੱਤੀ ਜਾਂਦੀ ਹੈ । ਗੁੜ੍ਹਤੀ ਦੇਣ ਤਕ ਮਾਂ ਆਪਣੇ ਬੱਚੇ ਨੂੰ ਦੁੱਧ ਨਹੀਂ ਚੁੰਘਾਉਂਦੀ ।

HOLY FAITH INTERNATIONAL (P) LTD.